
ਪੰਨਾ ਨੰ.:06 **ਲੇਖ**
ਚਿੜੀ ਵਿਚਾਰੀ ਕੀ ਕਰੇ...!
ਉਡੀਕ ਕਰੇ ਜਾਂ ਡੁੱਬ ਮਰੇ...?



ਅੰਦਰਲੀ ਖ਼ਬਰ
ਪੰਜਾਬ ਨੂੰ ਮੁੜ ਮਜ਼ਬੂਤ ਬ੍ਰਾਂਡ ਬਣਾਵਾਂਗੇ, ਹੁਣ ਚੁੱਪ ਬੈਠਣ ਦਾ ਸਮਾਂ ਨਹੀਂ ਹੈ: ਪਰਗਟ ਸਿੰਘ
05

ਅੰਦਰਲੀ ਖ਼ਬਰ
ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ ਦੀਵਾਲੀ ਦਾ ਤਿਓਹਾਰ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ
07



ਪੰਨਾ ਨੰ.:12
ਬੀਰਾਂ ਦੀਆਂ ਧਾਹਾਂ ਨਿੱਕਲ ਗਈਆਂ, ਮਾਂ ਮੰਜੇ 'ਤੇ ਅਹਿੱਲ ਪਈ ਸੀ





PUNJABSTAR.COM

ਪੰਜਾਬ ਸਟਾਰ

Phone: 905-673-7666 , Fax: 1-289-206-8611 | 19 ਨਵੰਬਰ ਤੋਂ 25 ਨਵੰਬਰ, 2026 | Email :- editor@punjabstar.com, Vo. 20. Issue:1264

ਕੈਨੇਡਾ 'ਚ ਕੋਵਿਡ ਰਾਹਤ ਸਕੀਮਾਂ ਤਹਿਤ ਬਕਾਇਆ 4.5 ਬਿਲੀਅਨ ਡਾਲਰ ਦਾ ਕਰਜ਼ਾ ਮੁਆਫ਼

ਅਯੋਗ ਵਿਅਕਤੀਆਂ ਨੂੰ ਵੰਡੀ ਰਕਮ ਨੂੰ ਦੱਸਿਆ ਗਿਆ 'ਨਾ-ਵਸੂਲਣਯੋਗ'



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਫੈਡਰਲ ਸਰਕਾਰ ਨੇ ਕੋਵਿਡ-19 ਮਹਾਂਮਾਰੀ ਦੌਰਾਨ ਅਯੋਗ ਵਿਅਕਤੀਆਂ ਨੂੰ ਦਿੱਤੇ ਗਏ ਲਾਭਾਂ (ਬੈਨੀਫਿਟਸ) ਦੇ ਲਗਪਗ 4.5 ਬਿਲੀਅਨ ਡਾਲਰ ਦੇ ਕਰਜ਼ੇ ਨੂੰ ਮੁਆਫ਼ (ਰਾਈਟ-ਆਫ) ਕਰ ਦਿੱਤਾ ਹੈ। ਸਰਕਾਰ ਨੇ ਇਸ ਵੱਡੀ ਰਕਮ ਨੂੰ 'ਨਾ-ਵਸੂਲਣਯੋਗ' ਕਰਾਰ ਦਿੰਦਿਆਂ ਆਪਣੇ ਖਾਤਿਆਂ ਵਿੱਚੋਂ ਹਟਾ ਦਿੱਤਾ ਹੈ।

ਕੈਨੇਡਾ ਦੀ ਆਡੀਟਰ ਜਨਰਲ ਕੈਰਨ ਹੋਗਨ ਦੇ ਦਫ਼ਤਰ ਵੱਲੋਂ ਜਾਰੀ ਰਿਪੋਰਟ ਅਨੁਸਾਰ, * ਬਾਕੀ ਸਫ਼ਾ 2 'ਤੇ

ਸਰੀ ਗੋਲੀਬਾਰੀ ਦੀ ਘਟਨਾ ਵਿੱਚ ਮ੍ਰਿਤਕ ਮੁੰਡਾ-ਕੁੜੀ ਦੀ ਪਛਾਣ ਪੰਜਾਬੀ ਵਜੋਂ ਹੋਈ



(ਪੰਜਾਬ ਸਟਾਰ ਬਿਓਰੋ): ਸਰੀ ਵਿੱਚ ਤਿੰਨ ਦਿਨ ਪਹਿਲਾਂ ਵਾਪਰੇ ਦੋਹਰੇ ਹੱਤਿਆ ਕਾਂਡ ਵਿੱਚ ਮਾਰੇ ਗਏ ਲੜਕੇ ਤੇ ਲੜਕੀ ਦੀ ਪਛਾਣ ਪੰਜਾਬੀ ਨੌਜਵਾਨ ਗਗਨਪਰੀਤ ਗੈਰੀ ਰੀਹਲ (23) ਅਤੇ ਸੁਖਜੀਤ ਕੌਰ (24) ਵਜੋਂ ਜਾਰੀ ਕੀਤੀ ਹੈ। ਦੋਵੇਂ ਡੈਲਟਾ ਦੇ ਰਹਿਣ ਵਾਲੇ ਸਨ। ਪੁਲੀਸ ਨੇ * ਬਾਕੀ ਸਫ਼ਾ 2 'ਤੇ

ਰੂਸ 'ਚ ਫੌਜੀ ਜਹਾਜ਼ ਹਾਦਸਾਗ੍ਰਸਤ

ਚਾਲਕ ਦਲ ਦੇ ਮੈਂਬਰਾਂ ਸਮੇਤ 19 ਲੋਕਾਂ ਦੀ ਹੋਈ ਮੌਤ



ਰੂਸ, (ਪੰਜਾਬ ਸਟਾਰ ਬਿਓਰੋ): ਰੂਸ ਦੇ ਦੱਖਣ-ਪੱਛਮੀ ਸਾਇਬੇਰੀਆ ਖੇਤਰ ਵਿੱਚ ਮੰਗਲਵਾਰ ਨੂੰ ਫੌਜ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ ਸਾਰੇ 19 ਵਿਅਕਤੀਆਂ ਦੀ ਮੌਤ ਹੋ ਗਈ। ਰੂਸੀ ਮੀਡੀਆ ਅਦਾਰੇ 'ਇਜ਼ਵੇਸਤੀਆ' ਨੇ ਇਹ ਜਾਣਕਾਰੀ ਦਿੱਤੀ ਹੈ। ਹਾਦਸੇ ਦਾ ਸ਼ਿਕਾਰ ਹੋਇਆ ਜਹਾਜ਼ ਏਐੱਨ-12 ਫੌਜੀ ਟਰਾਂਸਪੋਰਟ ਜਹਾਜ਼ ਦੱਸਿਆ ਜਾ ਰਿਹਾ ਹੈ।

ਜਹਾਜ਼ ਰੂਸ ਦੇ ਕੇਮੇਰੋਵੋ ਖੇਤਰ ਵਿੱਚ ਯਾਗੁਨੋਵੋ ਨੇੜੇ ਹਾਦਸਾਗ੍ਰਸਤ ਹੋਇਆ। * ਬਾਕੀ ਸਫ਼ਾ 2 'ਤੇ

ਥਾਈਲੈਂਡ 'ਚ ਰਿਹਾਇਸ਼ੀ ਇਮਾਰਤ ਨੂੰ ਅੱਗ; 11 ਹਲਾਕ



ਦੱਖਣੀ ਥਾਈਲੈਂਡ 'ਚ ਲੰਘੀ ਰਾਤ ਰਿਹਾਇਸ਼ੀ ਇਮਾਰਤ 'ਚ ਅੱਗ ਲੱਗਣ ਕਾਰਨ 11 ਜਣਿਆਂ ਦੀ ਮੌਤ ਹੋ ਗਈ। ਸਥਾਨਕ ਸਰਕਾਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਫੁਕੇਤ ਸਥਿਤ ਇਸ ਇਮਾਰਤ 'ਚ ਲੰਘੀ * ਬਾਕੀ ਸਫ਼ਾ 2 'ਤੇ

ਓਨਟਾਰੀਓ 'ਚ "ਸਰਕਾਰੀਆ" ਕੱਸਣ ਜਾ ਰਿਹਾ ਖ਼ਰੂਦੀ ਡਰਾਈਵਰਾਂ ਤੇ "ਸਰਕਾਰੀ" ਸ਼ਿਕੰਜਾ



ਟੋਰਾਂਟੋ (ਬਲਜਿੰਦਰ ਸੇਖਾ) ਓਨਟਾਰੀਓ ਦੀ ਫੋਰਡ ਸਰਕਾਰ ਵੱਲੋਂ ਬਹੁਤ ਜ਼ਿਆਦਾ ਸ਼ੋਰ ਕਰਨ ਵਾਲੀਆਂ ਕਾਰਾਂ ਅਤੇ ਟਰੱਕਾਂ ਖ਼ਿਲਾਫ਼ ਸਖ਼ਤ ਕਾਨੂੰਨ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਗੈਰ-ਕਾਨੂੰਨੀ ਮਫ਼ਲਰ ਲਗਾਉਣ ਅਤੇ ਸੜਕਾਂ 'ਤੇ ਜਾਣਬੁੱਝ ਕੇ ਇੰਜਣ ਦੀ ਉੱਚੀ ਆਵਾਜ਼ ਕੱਢਣ ਵਾਲੇ ਡਰਾਈਵਰਾਂ ਲਈ ਜੁਰਮਾਨੇ ਵਧਾਉਣ ਦੀ ਤਜਵੀਜ਼ ਹੈ।

ਟਰਾਂਸਪੋਰਟ ਮੰਤਰੀ * ਬਾਕੀ ਸਫ਼ਾ 2 'ਤੇ

ਓਨਟਾਰੀਓ ਹਾਈ ਕੋਰਟ ਵੱਲੋਂ ਪੀ.ਆਰ ਅਰਜ਼ੀਆਂ ਦੇ ਮਾਮਲੇ 'ਚ ਰਾਹਤ


ਪੰਜਾਬੀ ਵਿਦਿਆਰਥੀਆਂ ਦੀ ਕਾਨੂੰਨੀ ਜਿੱਤ



ਓਨਟਾਰੀਓ (ਬਲਜਿੰਦਰ ਸੇਖਾ): ਓਨਟਾਰੀਓ ਦੀ ਡਗ ਫੋਰਡ ਸਰਕਾਰ ਅਤੇ ਕਿਰਤ ਮੰਤਰਾਲੇ ਖ਼ਿਲਾਫ਼ ਕਾਨੂੰਨੀ ਲੜਾਈ ਲੜ ਰਹੇ ਪਰਵਾਸੀ ਕਾਮਿਆਂ ਅਤੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ (ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਹੈ) ਨੂੰ ਉਸ ਵੇਲੇ ਵੱਡੀ ਕਾਨੂੰਨੀ ਰਾਹਤ ਮਿਲੀ, ਜਦੋਂ ਓਨਟਾਰੀਓ ਸੁਪੀਰੀਅਰ ਕੋਰਟ ਆਫ਼ ਜਸਟਿਸ (ਡਿਵੀਜ਼ਨਲ ਕੋਰਟ) ਨੇ ਆਪਣੇ ਫ਼ੈਸਲੇ ਵਿੱਚ ਸੂਬਾ ਸਰਕਾਰ ਦੇ ਫ਼ੈਸਲੇ ਨੂੰ ਖ਼ਾਰਜ ਕਰ ਦਿੱਤਾ। ਇਸ ਕੇਸ ਦੇ ਅਸਲ ਤੱਥਾਂ ਅਨੁਸਾਰ ਅਦਾਲਤ * ਬਾਕੀ ਸਫ਼ਾ 2 'ਤੇ

ਕੈਨੇਡਾ ਵੱਲੋਂ ਵਿਦੇਸ਼ਾਂ 'ਚ ਜਲਵਾਯੂ ਸੁਰੱਖਿਆ ਲਈ 13 ਅਰਬ ਡਾਲਰ ਤੋਂ ਵੱਧ ਦੀ ਵਿੱਤੀ ਸਹਾਇਤਾ ਦਾ ਐਲਾਨ

COP31 ਸੰਮੇਲਨ 'ਚ ਵਿਕਾਸਸ਼ੀਲ ਦੇਸ਼ਾਂ ਦੀ ਮਦਦ ਲਈ ਨਵੇਂ 116 ਮਿਲੀਅਨ ਡਾਲਰ ਦੇ ਫੰਡ ਵੀ ਜਾਰੀ



ਓਟਾਵਾ (ਬਲਜਿੰਦਰ ਸੇਖਾ): ਕੈਨੇਡਾ ਸਰਕਾਰ ਨੇ ਦੁਨੀਆ ਭਰ ਵਿੱਚ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਅਗਲੇ ਪੰਜ ਸਾਲਾਂ ਦੌਰਾਨ 13 ਅਰਬ ਡਾਲਰ ਤੋਂ ਵੱਧ ਦੀ ਵਿੱਤੀ ਸਹਾਇਤਾ ਦੇਣ ਦੀ ਆਪਣੀ ਵਚਨਬੱਧਤਾ ਮੁੜ ਦੁਹਰਾਈ ਹੈ। ਤੁਰਕੀ ਦੇ ਸ਼ਹਿਰ ਅੰਤਾਲਿਆ ਵਿੱਚ ਚੱਲ ਰਹੇ COP31 ਜਲਵਾਯੂ ਸੰਮੇਲਨ ਦੌਰਾਨ ਵਾਤਾਵਰਣ ਮੰਤਰੀ ਜੂਲੀ ਡੈਬਰੂਸਿਨ ਨੇ ਇਹ ਐਲਾਨ ਕੀਤਾ। ਇਹ ਕੈਨੇਡਾ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਜਲਵਾਯੂ ਸੁਰੱਖਿਆ ਲਈ ਦਿੱਤੇ ਜਾਣ ਗੇ। * ਬਾਕੀ ਸਫ਼ਾ 2 'ਤੇ


'ਸਾਨੂੰ ਕਿਸੇ ਮਦਦ ਦੀ ਲੋੜ ਨਹੀਂ': ਟਰੰਪ ਨੇ ਚੀਨ ਤੇ ਰੂਸ ਤੋਂ ਸਹਾਇਤਾ ਲੈਣ ਤੋਂ ਕੀਤਾ ਇਨਕਾਰ



(ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਈਰਾਨ ਨਾਲ ਚੱਲ ਰਹੇ ਟਕਰਾਅ ਨੂੰ ਖ਼ਤਮ ਕਰਨ ਲਈ ਚੀਨ ਅਤੇ ਰੂਸ ਤੋਂ ਸਹਾਇਤਾ ਲੈਣ ਦੀਆਂ ਸੰਭਾਵਨਾਵਾਂ ਨੂੰ ਰੱਦ ਕਰ ਦਿੱਤਾ ਹੈ। 'ਫੌਕਸ ਨਿਊਜ਼' ਨੂੰ ਦਿੱਤੀ ਇੰਟਰਵਿਊ ਵਿੱਚ ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਈਰਾਨ ਦੀ ਜਲ ਸੈਨਾ, ਹਵਾਈ ਸੈਨਾ ਅਤੇ ਐਂਟੀ-ਏਅਰਕਰਾਫਟ ਪ੍ਰਣਾਲੀ ਨੂੰ ਹਰਾ ਦਿੱਤਾ ਹੈ, ਅਤੇ ਉਸ ਦੀਆਂ ਮਿਜ਼ਾਈਲਾਂ ਘਟ ਕੇ ਸਿਰਫ਼ 12-13 ਫ਼ੀਸਦੀ ਰਹਿ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਕਿਸੇ ਮਦਦ ਦੀ ਲੋੜ ਨਹੀਂ ਹੈ ਅਤੇ ਹੁਣ ਈਰਾਨ ਸਮਝੌਤਾ ਕਰਨਾ ਚਾਹੁੰਦਾ ਹੈ।

ਟਰੰਪ ਨੇ ਦਾਅਵਾ ਕੀਤਾ ਕਿ ਵਾਸ਼ਿੰਗਟਨ ਨੇ ਰਣਨੀਤਕ ਤੌਰ 'ਤੇ ਅਹਿਮ ਹੋਰਮੁਜ਼ ਜਲਡਮਰੂਮੱਧ * ਬਾਕੀ ਸਫ਼ਾ 2 'ਤੇ

ਗੱਲਬਾਤ ਸਿਰੇ ਨਾ ਚੜ੍ਹੀ ਤਾਂ ਚੀਨੀ ਕਾਰ ਕੰਪਨੀਆਂ ਨਾਲ ਹੱਥ ਮਿਲਾ ਸਕਦਾ ਹੈ ਕੈਨੇਡਾ: ਕਾਰਨੀ



(ਬਲਜਿੰਦਰ ਸੇਖਾ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਵਪਾਰਕ ਨੀਤੀਆਂ ਅਤੇ ਟੈਰਿਫ਼ਾਂ ਕਾਰਨ ਕੈਨੇਡਾ ਦੇ ਆਟੋ ਉਦਯੋਗ 'ਤੇ ਮੰਡਰਾ ਰਹੇ ਖ਼ਤਰੇ ਦਰਮਿਆਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਕਾਰਨੀ ਨੇ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਜੇਕਰ ਵਾਸ਼ਿੰਗਟਨ ਨਾਲ ਵਪਾਰਕ ਗੱਲਬਾਤ ਦੌਰਾਨ ਕੈਨੇਡੀਅਨ ਆਟੋ ਸੈਕਟਰ ਨੂੰ ਬਚਾਉਣ ਲਈ ਕੋਈ ਠੋਸ ਸਮਝੌਤਾ ਨਹੀਂ ਹੁੰਦਾ, ਤਾਂ ਕੈਨੇਡਾ ਚੀਨੀ ਕਾਰ ਨਿਰਮਾਤਾਵਾਂ ਨਾਲ ਭਾਈਵਾਲੀ ਕਰਨ ਤੋਂ ਗੁਰੇਜ਼ ਨਹੀਂ ਕਰੇਗਾ। * ਬਾਕੀ ਸਫ਼ਾ 2 'ਤੇ

ਕੈਨੇਡਾ ਸਰਕਾਰ ਵੱਲੋਂ ਸਰਕਾਰੀ ਨਿਯਮਾਂ 'ਚ ਸਰਲਤਾ ਲਿਆਉਣ ਦੀ ਮੁਹਿੰਮ ਤੇਜ਼, 500 ਸੁਧਾਰ ਪ੍ਰਾਜੈਕਟਾਂ 'ਤੇ ਕੰਮ



ਓਟਾਵਾ, (ਬਲਜਿੰਦਰ ਸੇਖਾ): ਕੈਨੇਡਾ ਦੀ ਕੇਂਦਰੀ ਸਰਕਾਰ ਨੇ ਸਰਕਾਰੀ ਪ੍ਰਕਿਰਿਆਵਾਂ ਨੂੰ ਆਸਾਨ ਬਣਾਉਣ, ਫ਼ਜ਼ੂਲ ਦਸਤਾਵੇਜ਼ੀ ਕਾਰਵਾਈ ਘਟਾਉਣ ਅਤੇ ਪ੍ਰਸ਼ਾਸਨਿਕ ਪੇਚੀਦਗੀਆਂ ਦੂਰ ਕਰਨ ਸਬੰਧੀ ਆਪਣੀ ਨਵੀਂ ਰਿਪੋਰਟ ਜਾਰੀ ਕੀਤੀ ਹੈ।

ਟ੍ਰੇਜ਼ਰੀ ਬੋਰਡ ਆਫ਼ ਕੈਨੇਡਾ ਸਕੱਤਰੇਤ ਵੱਲੋਂ ਜਾਰੀ ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਰਕਾਰ ਦਾ ਉਦੇਸ਼ ਲੋਕਾਂ ਅਤੇ ਵਪਾਰਕ ਅਦਾਰਿਆਂ ਲਈ ਸਰਕਾਰੀ ਸੇਵਾਵਾਂ ਨੂੰ ਵਧੇਰੇ ਸੁਖਾਲਾ ਬਣਾਉਣਾ, ਨਵੇਂ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨਾ ਅਤੇ ਦੇਸ਼ ਦੀ ਆਰਥਿਕ ਸਮਰੱਥਾ ਨੂੰ ਮਜ਼ਬੂਤ ਕਰਨਾ ਹੈ। ਇਸ ਦੇ ਨਾਲ ਸਿਹਤ, ਜਨਤਕ ਸੁਰੱਖਿਆ ਅਤੇ ਵਾਤਾਵਰਣ ਸਬੰਧੀ ਮਾਪਦੰਡਾਂ ਨੂੰ ਵੀ ਬਰਕਰਾਰ ਰੱਖਿਆ ਜਾਵੇਗਾ। * ਬਾਕੀ ਸਫ਼ਾ 2 'ਤੇ

ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131
416-502-3100
Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
- Auto Accident
- Pedestrian Hit Accident
- Slip & Fall
- Bicycle Accident
- Family Member Claims
- Short & Long-Term Disability
- CPP Disability
- Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Harjit Brar
Sales Representative
416-417-6010
Vik Mehmi
Broker
416-500-6262

ਪੇਜ ਇੱਕ ਦੀ ਬਾਕੀ

ਕੈਨੇਡਾ 'ਚ ਕੋਵਿਡ...

31 ਮਾਰਚ ਨੂੰ ਖ਼ਤਮ ਹੋਏ 2025-26 ਦੇ ਵਿੱਤੀ ਸਾਲ ਦੌਰਾਨ ਓਟਾਵਾ ਨੇ ਮਹਾਂਮਾਰੀ ਨਾਲ ਸਬੰਧਿਤ ਲਾਭਾਂ ਦੇ ਕਰੀਬ 4.5 ਬਿਲੀਅਨ ਡਾਲਰ ਮੁਆਫ਼ ਕੀਤੇ ਹਨ, ਜਦੋਂ ਕਿ ਇਸ ਤੋਂ ਪਿਛਲੇ ਸਾਲ ਇਹ ਮੁਆਫ਼ੀ ਸਿਰਫ਼ 26 ਮਿਲੀਅਨ ਡਾਲਰ ਸੀ। ਰੁਜ਼ਗਾਰ ਅਤੇ ਸਮਾਜਿਕ ਵਿਕਾਸ ਕੈਨੇਡਾ (ESDC) ਨੇ ਸਪੱਸ਼ਟ ਕੀਤਾ ਹੈ ਕਿ ਮੁਆਫ਼ ਕੀਤੇ ਗਏ ਇਸ ਕਰਜ਼ੇ ਦਾ ਵੱਡਾ ਹਿੱਸਾ ਉਨ੍ਹਾਂ ਵਿਅਕਤੀਆਂ ਨਾਲ ਸਬੰਧਿਤ ਹੈ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ ਜਾਂ ਜੋ ਆਰਥਿਕ ਤੌਰ 'ਤੇ ਬੇਹੱਦ ਕਮਜ਼ੋਰ ਅਤੇ ਲਾਚਾਰ ਵਰਗਾਂ ਵਿੱਚ ਆਉਂਦੇ ਹਨ। ਕੈਨੇਡਾ ਰੈਵੀਨਿਊ ਏਜੰਸੀ (CRA) ਦੇ ਅੰਦਾਜ਼ੇ ਮੁਤਾਬਕ, ਮਹਾਂਮਾਰੀ ਦੌਰਾਨ ਲਗਪਗ 14 ਬਿਲੀਅਨ ਡਾਲਰ ਅਜਿਹੇ ਲੋਕਾਂ ਨੂੰ ਵੰਡੇ ਗਏ ਸਨ ਜੋ ਆਮਦਨ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਇਸ ਦੇ ਯੋਗ ਨਹੀਂ ਸਨ। ਨਵੰਬਰ 2025 ਤੱਕ ਇਹ ਬਕਾਇਆ ਰਕਮ ਘਟ ਕੇ 10 ਬਿਲੀਅਨ ਡਾਲਰ ਰਹਿ ਗਈ ਸੀ, ਜੋ ਇਸ ਸਾਲ ਜੁਲਾਈ ਦੇ ਅੰਤ ਤੱਕ ਲਗਪਗ ਅੱਧੀ ਰਹਿ ਕੇ 5.56 ਬਿਲੀਅਨ ਡਾਲਰ 'ਤੇ ਆ ਗਈ ਹੈ। ਦੱਸਣਯੋਗ ਹੈ ਕਿ ਕੋਵਿਡ-19 ਸੰਕਟ ਦੌਰਾਨ ਸਰਕਾਰ ਨੇ ਮਾਰਚ ਤੋਂ ਅਕਤੂਬਰ 2020 ਦਰਮਿਆਨ 'ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟਸ' (CERB) ਸਕੀਮ ਲਾਗੂ ਕੀਤੀ ਸੀ, ਜਿਸ ਤਹਿਤ ਯੋਗ ਬਿਨੈਕਾਰਾਂ ਨੂੰ ਹਰ ਚਾਰ ਹਫ਼ਤਿਆਂ ਬਾਅਦ 2,000 ਡਾਲਰ ਦਿੱਤੇ ਜਾਂਦੇ ਸਨ।

ਹਾਲਾਂਕਿ ਸਰਕਾਰ ਨੇ ਵੱਡੀ ਰਾਹਤ ਦਿੰਦਿਆਂ ਅਰਬਾਂ ਡਾਲਰ ਮੁਆਫ਼ ਕਰ ਦਿੱਤੇ ਹਨ, ਪਰ CRA ਨੇ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਸਰਕਾਰ ਕੋਲ ਬਕਾਇਆ ਪੈਸੇ ਵਸੂਲਣ ਦਾ ਪੂਰਾ ਅਧਿਕਾਰ ਸੁਰੱਖਿਅਤ ਹੈ। ਜੇਕਰ ਕੋਈ ਵਿਅਕਤੀ ਪੂਰਾ ਕਰਜ਼ਾ ਚੁਕਾਉਣ ਦੇ ਸਮਰੱਥ ਹੋਣ ਦੇ ਬਾਵਜੂਦ ਜਾਣਬੁੱਝ ਕੇ ਭੁਗਤਾਨ ਨਹੀਂ ਕਰਦਾ, ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਸਰੀ ਗੋਲੀਬਾਰੀ ਦੀ...

ਮੰਨਿਆ ਹੈ ਕਿ ਇਹ ਮਿੱਥ ਕੇ ਕੀਤੀ ਗਈ ਹੱਤਿਆ ਅਤੇ ਬਦਲੇ ਵਜੋਂ ਗਰੋਹ ਹਿੰਸਾ ਦਾ ਨਤੀਜਾ ਹੈ। ਹਾਲਾਂਕਿ ਪੁਲੀਸ ਨੇ ਇਹ ਨਹੀਂ ਸਾਂਝਾ ਕੀਤਾ ਕਿ ਮਾਰੀ ਗਈ ਲੜਕੀ ਉਸ ਸਮੇਂ ਲੜਕੇ ਦੇ ਨਾਲ ਕਾਰ ਵਿੱਚ ਬੈਠੀ ਹੋਣ ਕਰਕੇ ਮਾਰੀ ਗਈ ਜਾਂ ਦੋਵਾਂ 'ਚ ਕੋਈ ਸਮਾਜਿਕ ਰਿਸ਼ਤਾ ਵੀ ਸੀ। ਜ਼ਿਕਰਯੋਗ ਹੈ ਕਿ ਘਟਨਾ ਐਤਵਾਰ ਰਾਤ ਸਾਢੇ 10 ਵਜੇ ਵਾਲਮਾਰਟ ਦੇ ਪਾਰਕਿੰਗ ਲਾਟ 'ਚ ਵਾਪਰੀ ਜਦੋਂ ਦੋਵੇਂ ਲਾਲ ਰੰਗ ਦੀ ਲਗਜ਼ਰੀ ਕਾਰ ਵਿੱਚ ਬੈਠੇ ਸਨ। ਪੁਲੀਸ ਨੇ ਇਹ ਵੀ ਮੰਨਿਆ ਹੈ ਕਿ ਕਤਲ ਕਾਂਡ ਤੋਂ ਸਿਰਫ 15 ਮਿੰਟ ਬਾਅਦ ਉਥੋਂ ਥੋੜੀ ਦੂਰੀ 'ਤੇ ਜਿਸ ਕਾਰ ਨੂੰ ਅੱਗ ਲਾਈ ਗਈ, ਉਸ ਨੂੰ ਹੱਤਿਆਰਿਆਂ ਵਲੋਂ ਵਰਤਿਆ ਗਿਆ ਹੋ ਸਕਦਾ ਹੈ।ਜਾਂਚ ਦਲ ਦੇ ਬੁਲਾਰੇ ਸਾਰਜੈਂਟ ਫਰੈਡਾ ਫੌਂਗ ਨੇ ਦੱਸਿਆ ਕਿ ਦੋਹਾਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਗੱਲਬਾਤ 'ਚ ਦੋਹਾਂ ਦੀਆਂ ਆਮ ਗਤੀਵਿਧੀਆਂ ਦਾ ਪਤਾ ਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੜਕੇ ਵਿਰੁੱਧ ਪਿਛਲੇ ਸਾਲਾਂ ਵਿੱਚ ਅਪਰਾਧਿਕ ਮਾਮਲੇ ਦਰਜ ਹੋਏ, ਪਰ ਲੜਕੀ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਜਲਦੀ ਹੀ ਦੋਸ਼ੀਆਂ ਦਾ ਪਤਾ ਲਾ ਕੇ ਉਨ੍ਹਾਂ ਨੂੰ ਫੜ ਲਿਆ ਜਾਏਗਾ।

ਰੂਸ 'ਚ ਫੌਜੀ...

ਖੇਤਰ ਦੇ ਗਵਰਨਰ ਇਲਿਆ ਸੇਰੇਦਯੁਕ ਨੇ ਆਪਣੇ ਅਧਿਕਾਰਤ ਚੈਨਲ ਰਾਹੀਂ ਜਹਾਜ਼ ਹਾਦਸੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ 'ਮੈਕਸ' ਮੈਸੇਜਿੰਗ ਪਲੇਟਫਾਰਮ 'ਤੇ ਇਸ ਘਟਨਾ ਬਾਰੇ ਜਾਣਕਾਰੀ ਸਾਂਝੀ ਕੀਤੀ, ਹਾਲਾਂਕਿ ਉਨ੍ਹਾਂ ਨੇ ਹਾਦਸਾਗ੍ਰਸਤ ਜਹਾਜ਼ ਦੀ ਪਛਾਣ ਜਾਂ ਉਸ ਵਿੱਚ ਸਵਾਰ ਲੋਕਾਂ ਦੀ ਗਿਣਤੀ ਬਾਰੇ ਕੋਈ ਵੇਰਵਾ ਨਹੀਂ ਦਿੱਤਾ।

ਹਾਦਸੇ ਦੇ ਕਾਰਨਾਂ ਬਾਰੇ ਜਾਣਕਾਰੀ ਨਹੀਂ

ਜਾਣਕਾਰੀ ਅਨੁਸਾਰ ਹਾਦਸੇ ਦੇ ਕਾਰਨਾਂ ਬਾਰੇ ਤੁਰੰਤ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ। ਇਹ ਵੀ ਸਪੱਸ਼ਟ ਨਹੀਂ ਹੋ ਸਕਿਆ ਕਿ ਜਹਾਜ਼ ਉਡਾਣ ਦੌਰਾਨ ਕਿਸੇ ਤਕਨੀਕੀ ਨੁਕਸ ਦਾ ਸ਼ਿਕਾਰ ਹੋਇਆ ਜਾਂ ਹਾਦਸੇ ਪਿੱਛੇ ਕੋਈ ਹੋਰ ਕਾਰਨ ਸੀ।

ਇਕ ਨਿਊਜ਼ ਚੈਨਲ ਅਨੁਸਾਰ ਜਹਾਜ਼ ਵਿੱਚ ਸਵਾਰ ਸਾਰੇ 17 ਵਿਅਕਤੀਆਂ ਦੀ ਜਾਨ ਚਲੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਅਧਿਕਾਰੀਆਂ ਵੱਲੋਂ ਘਟਨਾ ਦੇ ਕਾਰਨਾਂ ਅਤੇ ਹੋਰ ਵੇਰਵਿਆਂ ਦੀ ਜਾਂਚ ਕੀਤੀ ਜਾਵੇਗੀ।

ਥਾਈਲੈਂਡ 'ਚ...

ਦੇਰ ਰਾਤ ਤਕਰੀਬਨ ਦੋ ਵਜੇ ਅੱਗ ਲੱਗੀ। ਇਮਾਰਤ ਦੀ ਜ਼ਮੀਨੀ ਮੰਜ਼ਿਲ 'ਤੇ ਮੋਟਰਸਾਈਕਲ ਕਿਰਾਏ 'ਤੇ ਦੇਣ ਦੀ ਦੁਕਾਨ ਸੀ ਅਤੇ ਉੱਪਰਲੀਆਂ ਮੰਜ਼ਿਲਾਂ 'ਤੇ ਰਿਹਾਇਸ਼ੀ ਮਕਾਨ ਸਨ। ਫਾਇਰ ਬ੍ਰਿਗੇਡ ਨੂੰ ਅੱਗ 'ਤੇ ਕਾਬੂ ਪਾਉਣ ਲਈ ਤਕਰੀਬਨ ਇੱਕ ਘੰਟੇ ਦਾ ਸਮਾਂ ਲੱਗਾ। ਇਸ ਘਟਨਾ 'ਚ 17 ਹੋਰ ਜ਼ਖ਼ਮ ਮਾਮੂਲੀ ਜ਼ਖ਼ਮੀ ਹੋ ਗਏ ਹਨ। ਫੁਕੇਤ ਪੁਲੀਸ ਕਮਾਂਡਰ ਸੁਰਾਚਾਈ ਸੂਕਸਾਈ ਨੇ ਦੱਸਿਆ ਕਿ ਅਧਿਕਾਰੀ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ ਪਰ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਅੱਗ ਲੱਗਣ ਤੋਂ ਕੁਝ ਹੀ ਸਮਾਂ ਪਹਿਲਾਂ ਇਮਾਰਤ ਨੇੜੇ ਬਿਜਲੀ ਦੇ ਟਰਾਂਸਫਾਰਮਰ 'ਚ ਧਮਾਕਾ ਹੋਇਆ ਸੀ।

ਓਨਟਾਰੀਓ 'ਚ...

ਪ੍ਰਬਮੀਤ ''ਸਰਕਾਰੀਆ ''ਵੱਲੋਂ ਪੇਸ਼ ਕੀਤੇ ਜਾਣ ਵਾਲੇ ਪ੍ਰਸਤਾਵਿਤ ਕਾਨੂੰਨ ਤਹਿਤ ਵਾਹਨਾਂ ਦੇ ਬੇਲੋੜੇ ਸ਼ੋਰ ਅਤੇ ਗੈਰ-ਕਾਨੂੰਨੀ ਐਗਜ਼ੌਸਟ ਸਿਸਟਮ ਨਾਲ ਸਬੰਧਤ ਉਲੰਘਣਾਵਾਂ ਦਾ ਘੱਟੋ-ਘੱਟ ਜੁਰਮਾਨਾ $60 ਤੋਂ ਵਧਾ ਕੇ $200 ਕੀਤਾ ਜਾ ਸਕਦਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਜੁਰਮਾਨੇ ਵਧਾਉਣ ਨਾਲ ਅਜਿਹੇ ਡਰਾਈਵਰਾਂ ਨੂੰ ਰੋਕਣ ਵਿੱਚ ਮਦਦ ਮਿਲੇਗੀ, ਜੋ ਵਾਰ-ਵਾਰ ਨਿਯਮਾਂ ਦੀ ਉਲੰਘਣਾ ਕਰਦੇ ਹਨ। ਉੱਚੀ ਆਵਾਜ਼ ਕਾਰਨ ਰਿਹਾਇਸ਼ੀ ਇਲਾਕਿਆਂ ਵਿੱਚ ਲੋਕਾਂ ਨੂੰ ਪਰੇਸ਼ਾਨੀ ਹੁੰਦੀ ਹੈ ਅਤੇ ਐਮਰਜੈਂਸੀ ਵਾਹਨਾਂ ਦੇ ਸਾਇਰਨ ਸੁਣਨ ਵਿੱਚ ਵੀ ਮੁਸ਼ਕਲ ਆ ਸਕਦੀ ਹੈ।

ਪ੍ਰਸਤਾਵਿਤ ਕਾਨੂੰਨ ਤਹਿਤ ਪੁਲਿਸ ਨੂੰ ਅਜਿਹੇ ਵਾਹਨ ਚਾਲਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਹੋਰ ਸਖ਼ਤ ਸਾਧਨ ਮਿਲਣਗੇ।

ਗੱਲਬਾਤ ਸਿਰੇ ਨਾ...

ਸੋਮਵਾਰ ਨੂੰ ਕੰਬੋਡੀਆ ਦੌਰੇ ਦੌਰਾਨ ਗੱਲਬਾਤ ਕਰਦਿਆਂ ਕਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਅਮਰੀਕਾ ਨਾਲ ਵਪਾਰਕ ਸਮਝੌਤਾ ਕਰਨਾ ਹੀ ਹੈ, ਪਰ ਜੇਕਰ ਉੱਤਰੀ ਅਮਰੀਕਾ ਦੇ ਏਕੀਕ੍ਰਿਤ ਬਾਜ਼ਾਰ ਵਿੱਚ ਕੈਨੇਡੀਅਨ ਕਾਮਿਆਂ ਅਤੇ ਫੈਕਟਰੀਆਂ ਦੀ ਪੂਰੀ ਵਰਤੋਂ ਨਹੀਂ ਹੁੰਦੀ, ਤਾਂ ਕੈਨੇਡਾ ਕੋਲ ਚੀਨੀ, ਯੂਰਪੀ ਜਾਂ ਜਾਪਾਨੀ ਕੰਪਨੀਆਂ ਵੱਲ ਰੁਖ਼ ਕਰਨ ਦਾ ਵਿਕਲਪ ਖੁੱਲ੍ਹਾ ਹੈ। ਦੱਸਣਯੋਗ ਹੈ ਕਿ ਕਾਰਨੀ ਇਸੇ ਹਫ਼ਤੇ ਚੀਨ ਦੇ ਸ਼ਹਿਰ ਸ਼ੇਨਜ਼ੇਨ ਵਿੱਚ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਅਹਿਮ ਮੁਲਾਕਾਤ ਕਰਨ ਜਾ ਰਹੇ ਹਨ, ਜਿੱਥੇ ਆਟੋ ਉਦਯੋਗ ਵਿੱਚ ਨਿਵੇਸ਼ ਮੁੱਖ ਏਜੰਡਾ ਰਹੇਗਾ। ਅਮਰੀਕਾ 'ਤੇ ਦਬਾਅ ਬਣਾਉਣ ਦੇ ਸਵਾਲ 'ਤੇ ਕਾਰਨੀ ਨੇ ਬੜੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, ''ਇਹ ਦਬਾਅ ਪਾਉਣ ਦੀ ਰਣਨੀਤੀ ਨਹੀਂ ਹੈ, ਪਰ ਹਰ ਕਿਰਿਆ ਦੀ ਪ੍ਰਤੀਕਿਰਿਆ ਜ਼ਰੂਰ ਹੁੰਦੀ ਹੈ। ਕੈਨੇਡਾ ਕਿਸੇ ਵੀ ਸੂਰਤ ਵਿੱਚ ਅੱਗੇ ਵਧੇਗਾ।'' ਹਾਲਾਂਕਿ, ਉਨ੍ਹਾਂ ਇਹ ਸ਼ਰਤ ਵੀ ਰੱਖੀ ਕਿ ਚੀਨ ਵੱਲੋਂ ਕੀਤਾ ਜਾਣ ਵਾਲਾ ਕੋਈ ਵੀ ਨਿਵੇਸ਼ ਸਿਰਫ਼ ਬਾਹਰੋਂ ਪੁਰਜ਼ੇ ਲਿਆ ਕੇ ਕਾਰਾਂ ਜੋੜਨ ਤੱਕ ਸੀਮਤ ਨਹੀਂ ਹੋਵੇਗਾ। ਇਸ ਵਿੱਚ ਕੈਨੇਡਾ ਅੰਦਰ ਮੁਕੰਮਲ ਨਿਰਮਾਣ, ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਅਤੇ ਇਲੈਕਟ੍ਰਿਕ ਵਾਹਨਾਂ (ਈ.ਵੀ.) ਲਈ ਲੋੜੀਂਦੇ ਕੈਨੇਡੀਅਨ ਖਣਿਜਾਂ ਦੀ ਵਰਤੋਂ ਵਾਲੀ ਘਰੇਲੂ ਸਪਲਾਈ ਚੇਨ ਵਿਕਸਤ ਕਰਨੀ ਲਾਜ਼ਮੀ ਹੋਵੇਗੀ। ਜ਼ਿਕਰਯੋਗ ਹੈ ਕਿ ਇਸ ਸਾਲ ਜਨਵਰੀ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਹੋਏ ਇੱਕ ਸਮਝੌਤੇ ਤਹਿਤ ਕੈਨੇਡਾ ਨੇ ਚੀਨੀ ਇਲੈਕਟ੍ਰਿਕ ਕਾਰਾਂ 'ਤੇ ਲੱਗਣ ਵਾਲਾ 100 ਫ਼ੀਸਦੀ ਟੈਰਿਫ਼ ਘਟਾ ਕੇ 6.1 ਫ਼ੀਸਦੀ ਕਰ ਦਿੱਤਾ ਸੀ ਅਤੇ ਸ਼ੁਰੂਆਤੀ ਤੌਰ 'ਤੇ 49,000 ਵਾਹਨਾਂ ਨੂੰ ਦਰਾਮਦ ਕਰਨ ਦੀ ਇਜਾਜ਼ਤ ਦਿੱਤੀ ਸੀ। ਇਸ ਦੇ ਬਦਲੇ ਚੀਨ ਨੇ ਕੈਨੇਡੀਅਨ ਕੈਨੋਲਾ ਅਤੇ ਹੋਰ ਖੇਤੀ ਉਤਪਾਦਾਂ ਨੂੰ ਰਾਹਤ ਦਿੱਤੀ ਸੀ। ਹਾਲਾਂਕਿ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇਸ ਕਦਮ ਦਾ ਵਿਰੋਧ ਕਰਦਿਆਂ ਖ਼ਦਸ਼ਾ ਜਤਾਇਆ ਸੀ ਕਿ ਇਸ ਨਾਲ ਸਥਾਨਕ ਰੁਜ਼ਗਾਰ ਅਤੇ ਅਮਰੀਕੀ ਬਾਜ਼ਾਰ ਤੱਕ ਪਹੁੰਚ ਪ੍ਰਭਾਵਿਤ ਹੋਵੇਗੀ।

ਦੂਜੇ ਪਾਸੇ, ਟਰੰਪ ਵੱਲੋਂ ਕੰਪਨੀਆਂ ਨੂੰ ਉਤਪਾਦਨ ਅਮਰੀਕਾ ਲਿਜਾਣ ਲਈ ਪਾਏ ਜਾ ਰਹੇ ਦਬਾਅ ਦਾ ਅਸਰ ਦਿਖਣਾ ਸ਼ੁਰੂ ਹੋ ਗਿਆ ਹੈ। ਹਾਲ ਹੀ ਵਿੱਚ ਵਾਹਨ ਨਿਰਮਾਤਾ ਕੰਪਨੀ 'ਸਟੈਲੈਂਟਿਸ' ਨੇ ਬਰੈਂਪਟਨ ਪਲਾਂਟ ਤੋਂ ਜੀਪ ਕੰਪਾਸ ਦਾ ਉਤਪਾਦਨ ਅਮਰੀਕਾ ਦੇ ਸੂਬੇ ਵਿੱਚ ਤਬਦੀਲ ਕਰ ਦਿੱਤਾ ਹੈ, ਜਿਸ ਕਾਰਨ ਕੈਨੇਡਾ ਸਰਕਾਰ ਨੇ ਕੰਪਨੀ ਵਿਰੁੱਧ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਹੈ। ਕਾਰਨੀ ਮੁਤਾਬਕ ਅਮਰੀਕਾ ਨਾਲ ਗੱਲਬਾਤ ਸਕਾਰਾਤਮਕ ਦਿਸ਼ਾ ਵੱਲ ਵਧ ਰਹੀ ਹੈ, ਪਰ ਅਜੇ ਵੀ ਕਈ ਅਹਿਮ ਮਤਭੇਦ ਸੁਲਝਾਉਣੇ ਬਾਕੀ ਹਨ।

ਟਰੰਪ ਨੇ ਚੀਨ ਤੇ...

'ਤੇ ਪੂਰਾ ਕੰਟਰੋਲ ਕਰ ਲਿਆ ਹੈ, ਜਿੱਥੋਂ ਪਿਛਲੇ ਹਫ਼ਤੇ ਇਤਿਹਾਸ ਵਿੱਚ ਸਭ ਤੋਂ ਵੱਧ ਤੇਲ ਦੀ ਢੋਆ-ਢੁਆਈ ਹੋਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਚੋਣਾਂ ਤੋਂ ਅਗਲੇ ਦਿਨ ਹੀ ਆਲਮੀ ਪੱਧਰ 'ਤੇ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਹੇਠਾਂ ਡਿੱਗੀਆਂ ਹਨ।

ਵਾਸ਼ਿੰਗਟਨ ਡੀ.ਸੀ. 'ਤੇ 'ਡਰਟੀ ਬੰਬ' ਦੇ ਸੰਭਾਵੀ ਖ਼ਤਰੇ ਬਾਰੇ ਟਰੰਪ ਨੇ ਕਿਹਾ ਕਿ ਪਰਮਾਣੂ ਹਥਿਆਰਾਂ ਤੋਂ ਰੋਕੇ ਜਾਣ ਕਾਰਨ ਈਰਾਨ ਹੁਣ ਰਸਾਇਣਕ ਅਤੇ ਜੈਵਿਕ ਹਥਿਆਰਾਂ ਵੱਲ ਦੇਖ ਰਿਹਾ ਹੈ। ਉਨ੍ਹਾਂ ਅਮਰੀਕੀਆਂ ਨੂੰ ਭਰੋਸਾ ਦਿੱਤਾ ਕਿ ਘਬਰਾਉਣ ਦੀ ਲੋੜ ਨਹੀਂ, ਕਿਉਂਕਿ ਜੇਕਰ ਈਰਾਨ ਨੇ ਕੋਈ ਹਮਲਾ ਕੀਤਾ ਤਾਂ ਅਮਰੀਕਾ ਉਸ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਵੇਗਾ। ਟਰੰਪ ਨੇ ਦੋਸ਼ ਲਾਇਆ ਕਿ ਇਸ ਦੁਸ਼ਮਣੀ ਦੀਆਂ ਜੜ੍ਹਾਂ 51 ਸਾਲ ਪੁਰਾਣੀਆਂ ਹਨ ਅਤੇ ਈਰਾਨੀ ਅਧਿਕਾਰੀਆਂ ਨੇ ਪਿਛਲੇ ਅੱਠ ਮਹੀਨਿਆਂ ਵਿੱਚ 75,000 ਪ੍ਰਦਰਸ਼ਨਕਾਰੀਆਂ ਨੂੰ ਮਾਰਿਆ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਤਹਿਰਾਨ ਨਾਲ ਗੱਲਬਾਤ ਚੱਲ ਰਹੀ ਹੈ, ਪਰ ਉਹ ਇੱਕ ਸਥਾਈ ਸਮਝੌਤਾ ਚਾਹੁੰਦੇ ਹਨ ਅਤੇ ਉਦੋਂ ਤੱਕ ਫ਼ੌਜੀ ਕਾਰਵਾਈ ਤੇ ਨਾਕਾਬੰਦੀ ਜਾਰੀ ਰਹੇਗੀ।

ਇਹ ਬਿਆਨ ਚੀਨ ਦੇ ਸ਼ਹਿਰ ਸ਼ੇਨਜ਼ੇਨ ਵਿੱਚ ਏਸ਼ੀਆ-ਪੈਸੀਫਿਕ ਇਕਨਾਮਿਕ ਕੋਆਪਰੇਸ਼ਨ (ਅਫਓਫ਼) ਸੰਮੇਲਨ ਦੌਰਾਨ 19 ਨਵੰਬਰ ਨੂੰ ਟਰੰਪ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਹੋਣ ਵਾਲੀ ਤਜਵੀਜ਼ਸ਼ੁਦਾ ਤਿਕੋਣੀ ਗੱਲਬਾਤ ਤੋਂ ਪਹਿਲਾਂ ਆਇਆ ਹੈ। ਇਸ ਮੀਟਿੰਗ ਵਿੱਚ ਈਰਾਨ ਟਕਰਾਅ, ਪਰਮਾਣੂ ਨਿਸ਼ਸਤਰੀਕਰਨ, ਆਲਮੀ ਵਪਾਰ ਅਤੇ ਰੂਸ-ਯੂਕਰੇਨ ਜੰਗ 'ਤੇ ਚਰਚਾ ਹੋਣ ਦੀ ਉਮੀਦ ਹੈ।

ਕੈਨੇਡਾ ਸਰਕਾਰ ਵੱਲੋਂ...

ਰਿਪੋਰਟ ਅਨੁਸਾਰ, ਸਤੰਬਰ 2025 ਤੋਂ ਬਾਅਦ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਤਕਰੀਬਨ 500 ਸੁਧਾਰ ਯੋਜਨਾਵਾਂ ਵਿੱਚੋਂ 160 ਤੋਂ ਵੱਧ ਮੁਕੰਮਲ ਹੋ ਚੁੱਕੀਆਂ ਹਨ। ਹੋਰ ਯੋਜਨਾਵਾਂ ਨੂੰ ਲਾਗੂ ਕਰਨ ਲਈ ਸਰਕਾਰੀ ਵਿਭਾਗਾਂ ਵਿੱਚ ਕੰਮ ਚੱਲ ਰਿਹਾ ਹੈ। ਇਸ ਮੁਹਿੰਮ ਨੂੰ ਕਾਨੂੰਨੀ ਆਧਾਰ ਦੇਣ ਲਈ ਸਰਕਾਰ ਨੇ 7 ਅਕਤੂਬਰ 2026 ਨੂੰ ਬਿੱਲ ਸ਼-7 ਪੇਸ਼ ਕੀਤਾ ਸੀ। ਇਸ ਦਾ ਨਾਮ Cutting Red Tape for All Canadians Act ਰੱਖਿਆ ਗਿਆ ਹੈ। ਇਸ ਤਹਿਤ 31 ਕਾਨੂੰਨਾਂ ਵਿੱਚ ਤਬਦੀਲੀਆਂ ਕਰਨ ਦੀ ਯੋਜਨਾ ਹੈ, ਤਾਂ ਜੋ ਬੇਲੋੜੀਆਂ ਕਾਨੂੰਨੀ ਅਤੇ ਪ੍ਰਸ਼ਾਸਨਿਕ ਪਾਬੰਦੀਆਂ ਘਟਾਈਆਂ ਜਾ ਸਕਣ। ਟ੍ਰੇਜ਼ਰੀ ਬੋਰਡ ਦੇ ਪ੍ਰਧਾਨ ਸ਼ਫਕਤ ਅਲੀ ਨੇ ਕਿਹਾ ਕਿ ਸਰਕਾਰ ਵੱਲੋਂ ਹੁਣ ਤੱਕ ਕਈ ਅਹਿਮ ਕਦਮ ਚੁੱਕੇ ਗਏ ਹਨ, ਪਰ ਨਿਯਮਾਂ ਨੂੰ ਸਰਲ ਬਣਾਉਣ ਦੀ ਪ੍ਰਕਿਰਿਆ ਹਾਲੇ ਜਾਰੀ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਤਰਾਂ ਦੇ ਨੁਮਾਇੰਦਿਆਂ ਨਾਲ ਸਲਾਹ-ਮਸ਼ਵਰਾ ਕਰਕੇ ਅਜਿਹੀ ਵਿਵਸਥਾ ਬਣਾਈ ਜਾਵੇਗੀ, ਜਿਸ ਨਾਲ ਨਿਵੇਸ਼, ਨਵੀਆਂ ਤਕਨੀਕਾਂ ਅਤੇ ਕਾਰੋਬਾਰੀ ਵਿਕਾਸ ਨੂੰ ਉਤਸ਼ਾਹ ਮਿਲੇ।

ਇਸ ਮਕਸਦ ਲਈ ਕੇਂਦਰ ਸਰਕਾਰ ਸੂਬਿਆਂ ਅਤੇ ਟੈਰੀਟੋਰੀਜ਼ ਦੀਆਂ ਸਰਕਾਰਾਂ ਨਾਲ ਵੀ ਸਾਂਝ ਵਧਾ ਰਹੀ ਹੈ, ਤਾਂ ਜੋ ਦੇਸ਼ ਅੰਦਰ ਵਪਾਰ ਅਤੇ ਉਦਯੋਗਾਂ ਦੇ ਵਿਸਥਾਰ ਵਿੱਚ ਆਉਣ ਵਾਲੀਆਂ ਅੜਚਣਾਂ ਦੂਰ ਕੀਤੀਆਂ ਜਾ ਸਕਣ। ਹੁਣ ਅਹਿਮ ਸਵਾਲ ਇਹ ਹੈ ਕਿ ਇਨ੍ਹਾਂ ਪ੍ਰਸਤਾਵਿਤ ਤਬਦੀਲੀਆਂ ਦਾ ਆਮ ਲੋਕਾਂ, ਛੋਟੇ ਕਾਰੋਬਾਰੀਆਂ ਅਤੇ ਨਿਵੇਸ਼ਕਾਂ ਨੂੰ ਅਸਲ ਵਿੱਚ ਕਿੰਨਾ ਫ਼ਾਇਦਾ ਮਿਲਦਾ ਹੈ।


ਓਨਟਾਰੀਓ ਹਾਈ...

ਦੇ ਤਿੰਨ ਜੱਜਾਂ (ਜਸਟਿਸ ਨਕਾਤਸੁਰੂ, ਜਸਟਿਸ ਓ'ਬ੍ਰਾਇਨ ਅਤੇ ਜਸਟਿਸ ਵਰਮੇਟ) ਵਿੱਚੋਂ ਬਹੁਮਤ (2-1) ਨਾਲ ਇਹ ਫ਼ੈਸਲਾ ਆਇਆ ਹੈ।

ਪ੍ਰਭਾਵਿਤ ਅਰਜ਼ੀਕਾਰਾਂ ਨੇ ਸਾਲ 2024 (ਕੁਝ ਨੇ ਫਰਵਰੀ 2024 ਵਿੱਚ) ਓਨਟਾਰੀਓ ਇਮੀਗਰੈਂਟ ਨੌਮਿਨੀ ਪ੍ਰੋਗਰਾਮ (OINP) ਦੇ 'ਸਕਿੱਲਡ ਟਰੇਡਜ਼ ਸਟ੍ਰੀਮ' ਤਹਿਤ ਪੀ.

PR ਯੋਜਨਾ ਨੂੰ ਲੈ ਕੇ ਕੈਨੇਡਾ 'ਚ ਸਿਆਸੀ ਘਮਾਸਾਣ!

ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰਿਆ! ਮਾਹਿਰਾਂ ਨੇ ਸਰਕਾਰ ਦੇ ਅੰਕੜਿਆਂ ਦੀ ਖੋਲ੍ਹੀ ਪੋਲ!




ਕੈਨੇਡਾ ਵਿੱਚ PR ਲੈਣ ਦੀ ਉਡੀਕ ਕਰ ਰਹੇ ਲੱਖਾਂ ਲੋਕਾਂ ਲਈ ਸਰਕਾਰ ਦਾ ਇੱਕ ਵੱਡਾ ਫ਼ੈਸਲਾ ਚਰਚਾ ਵਿੱਚ ਹੈ... ਪਰ ਇਸ ਫ਼ੈਸਲੇ ਨੇ ਰਾਹਤ ਦੇਣ ਦੇ ਨਾਲ-ਨਾਲ ਸਿਆਸੀ ਵਿਵਾਦ ਵੀ ਖੜ੍ਹਾ ਕਰ ਦਿੱਤਾ ਹੈ। ਦਰਅਸਲ, ਕੈਨੇਡਾ ਸਰਕਾਰ ਵੱਲੋਂ 2027 ਦੇ ਅੰਤ ਤੱਕ 6 ਲੱਖ ਤੋਂ ਵੱਧ ਲੋਕਾਂ ਨੂੰ ਪੱਕੀ ਰਿਹਾਇਸ਼ ਦੇਣ ਦੀ ਯੋਜਨਾ ਬਣਾਈ ਗਈ ਹੈ। ਇਸ ਵਿੱਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੇ 2 ਲੱਖ ਤੋਂ ਵੱਧ ਟੈਂਪਰੇਰੀ ਰੈਜ਼ੀਡੈਂਟਸ ਨੂੰ PR ਦੇਣ ਦੀ ਯੋਜਨਾ ਵੀ ਸ਼ਾਮਲ ਹੈ। ਹੁਣ ਸਵਾਲ ਇਹ ਹੈ ਕਿ ਆਖ਼ਰ ਇਹ 2 ਲੱਖ ਲੋਕ ਕੌਣ ਹਨ? ਕਿਹੜੇ ਲੋਕਾਂ ਨੂੰ ਇਸ ਯੋਜਨਾ ਦਾ ਫਾਇਦਾ ਮਿਲ ਸਕਦਾ ਹੈ ਅਤੇ ਇਸ ਨੂੰ ਲੈ ਕੇ ਕੈਨੇਡਾ ਦੀ ਸਿਆਸਤ ਵਿੱਚ ਬਹਿਸ ਕਿਉਂ iCV ਗਈ ਹੈ? ਆਓ ਸਮਝਦੇ ਹਾਂ ਪੂਰਾ ਮਾਮਲਾ। ਸਭ ਤੋਂ ਪਹਿਲਾਂ ਤੁਹਾਨੂੰ ਦੱਸ ਦਈਏ ਕਿ ਇਸ ਯੋਜਨਾ ਵਿੱਚ ਸ਼ਾਮਲ 2 ਲੱਖ ਤੋਂ ਵੱਧ ਲੋਕਾਂ ਨੂੰ ਸਰਕਾਰ ਨੇ ਮੁੱਖ ਤੌਰ 'ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਹੈ।

ਪਹਿਲੀ ਸ਼੍ਰੇਣੀ ਵਿੱਚ ਲਗਭਗ ਇੱਕ ਲੱਖ ਅਜਿਹੇ ਲੋਕ ਹਨ, ਜਿਨ੍ਹਾਂ ਨੇ ਪਹਿਲਾਂ ਹੀ ਵੱਖ-ਵੱਖ ਇਮੀਗ੍ਰੇਸ਼ਨ ਪ੍ਰੋਗਰਾਮਾਂ ਤਹਿਤ PR ਲਈ ਅਰਜ਼ੀਆਂ ਦਿੱਤੀਆਂ ਹੋਈਆਂ ਹਨ। ਇਨ੍ਹਾਂ ਵਿੱਚ ਸਟਾਰਟਅੱਪ ਵੀਜ਼ਾ, ਐਗਰੀ-ਫੂਡ ਪਾਇਲਟ ਅਤੇ ਕੇਅਰਗਿਵਰਜ਼ ਪ੍ਰੋਗਰਾਮ ਤਹਿਤ ਅਪਲਾਈ ਕਰਨ ਵਾਲੇ ਲੋਕ ਸ਼ਾਮਲ ਹਨ। ਇਹ ਉਹ ਬਿਨੈਕਾਰ ਹਨ, ਜੋ ਲੰਬੇ ਸਮੇਂ ਤੋਂ ਆਪਣੀਆਂ ਅਰਜ਼ੀਆਂ 'ਤੇ ਫ਼ੈਸਲੇ ਦੀ ਉਡੀਕ ਕਰ ਰਹੇ ਹਨ ਅਤੇ ਪਹਿਲਾਂ ਹੀ ਕੈਨੇਡਾ ਵਿੱਚ ਮੌਜੂਦ ਹਨ। ਹੁਣ ਦੂਜੀ ਸ਼੍ਰੇਣੀ ਦੀ ਗੱਲ ਕਰੀਏ ਤਾਂ ਇਸ ਵਿੱਚ ਮਨੁੱਖਤਾਵਾਦੀ ਅਤੇ ਤਰਸ ਦੇ ਆਧਾਰ 'ਤੇ PR ਲਈ ਅਰਜ਼ੀਆਂ ਦੇਣ ਵਾਲੇ ਲੋਕ ਸ਼ਾਮਲ ਹਨ। ਇਨ੍ਹਾਂ ਵਿੱਚ ਹਾਂਗਕਾਂਗ ਦੇ ਲਗਭਗ 50 ਹਜ਼ਾਰ ਸਾਬਕਾ ਵਸਨੀਕ ਸ਼ਾਮਲ ਹਨ, ਜੋ ਚੀਨ ਵਿੱਚ ਸਿਆਸੀ ਜ਼ੁਲਮ ਦੇ ਡਰ ਕਾਰਨ ਕੈਨੇਡਾ ਆਏ ਸਨ। ਇਸ ਤੋਂ ਇਲਾਵਾ ਲਗਭਗ 19 ਹਜ਼ਾਰ ਯੂਕਰੇਨੀ ਨਾਗਰਿਕ ਵੀ ਇਸ ਸ਼੍ਰੇਣੀ ਵਿੱਚ ਹਨ, ਜਿਨ੍ਹਾਂ ਨੇ ਯੂਕਰੇਨ ਫੈਮਿਲੀ ਰੀਯੂਨੀਫਿਕੇਸ਼ਨ ਪ੍ਰੋਗਰਾਮ ਤਹਿਤ ਅਰਜ਼ੀਆਂ ਦਿੱਤੀਆਂ ਹੋਈਆਂ ਹਨ। ਇੰਨਾ ਹੀ ਨਹੀਂ, ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ ਬੰਦ ਹੋਣ ਕਾਰਨ 12 ਹਜ਼ਾਰ ਤੋਂ ਵੱਧ ਮਾਪਿਆਂ ਵੱਲੋਂ ਤਰਸ ਦੇ ਆਧਾਰ 'ਤੇ ਦਿੱਤੀਆਂ PR ਅਰਜ਼ੀਆਂ ਵੀ ਇਸ ਯੋਜਨਾ ਦਾ ਹਿੱਸਾ ਹਨ। ਸਰਕਾਰ ਮੁਤਾਬਕ ਇਹ ਪੱਕੀ ਰਿਹਾਇਸ਼ ਦੇਣ ਲਈ ਇੱਕ ਵਾਰ ਦੀ ਵਿਸ਼ੇਸ਼ ਯੋਜਨਾ ਹੈ। ਹੁਣ ਸਰਕਾਰ ਦੇ ਇਸ ਫ਼ੈਸਲੇ ਨੂੰ ਲੈ ਕੇ ਸਿਆਸੀ ਬਹਿਸ ਵੀ ਤੇਜ਼ ਹੋ ਗਈ ਹੈ। ਵਿਰੋਧੀ ਧਿਰਾਂ ਵੱਲੋਂ ਸਵਾਲ ਚੁੱਕੇ ਜਾ ਰਹੇ ਹਨ ਕਿ ਆਖ਼ਰ ਸਰਕਾਰ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ PR ਦੇਣ ਦੀ ਯੋਜਨਾ ਕਿਵੇਂ ਲਾਗੂ ਕਰੇਗੀ। ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਇਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੂੰ ਵੀ ਇਸ ਯੋਜਨਾ ਬਾਰੇ ਸਰਕਾਰ ਦਾ ਪੱਖ ਸਪੱਸ਼ਟ ਕਰਨਾ ਪੈ ਰਿਹਾ ਹੈ। ਦੂਜੇ ਪਾਸੇ, ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਦੇ ਪ੍ਰੋਫੈਸਰ ਜੌਨ ਸ਼ੀਲਡਜ਼ ਦਾ ਕਹਿਣਾ ਹੈ ਕਿ ਪਹਿਲੀ ਨਜ਼ਰੇ ਅਜਿਹਾ ਲੱਗਦਾ ਹੈ ਕਿ ਕੈਨੇਡਾ ਸਰਕਾਰ 6 ਲੱਖ ਲੋਕਾਂ ਨੂੰ ਨਵੀਂ PR ਦੇ ਰਹੀ ਹੈ। ਪਰ ਅਸਲ ਵਿੱਚ ਇਸ ਯੋਜਨਾ ਵਿੱਚ ਸ਼ਾਮਲ 2 ਲੱਖ ਲੋਕ ਪਹਿਲਾਂ ਹੀ ਕੈਨੇਡਾ ਵਿੱਚ ਰਹਿ ਰਹੇ ਹਨ। ਇਸ ਲਈ ਉਨ੍ਹਾਂ ਨੂੰ ਨਵੇਂ ਪ੍ਰਵਾਸੀਆਂ ਵਜੋਂ ਗਿਣਨਾ ਸਹੀ ਨਹੀਂ ਹੋਵੇਗਾ। ਮਾਹਿਰਾਂ ਮੁਤਾਬਕ ਜੇਕਰ ਇਨ੍ਹਾਂ ਲੋਕਾਂ ਨੂੰ ਵੱਖ ਰੱਖਿਆ ਜਾਵੇ ਤਾਂ ਨਵੇਂ ਪ੍ਰਵਾਸੀਆਂ ਦੀ ਗਿਣਤੀ 4 ਲੱਖ ਤੋਂ ਘੱਟ ਹੀ ਰਹਿੰਦੀ ਹੈ। ਕੁੱਲ ਮਿਲਾ ਕੇ ਕੈਨੇਡਾ ਸਰਕਾਰ ਦੀ ਇਹ ਯੋਜਨਾ ਉਨ੍ਹਾਂ ਲੋਕਾਂ ਲਈ ਵੱਡੀ ਰਾਹਤ ਬਣ ਸਕਦੀ ਹੈ, ਜੋ ਲੰਬੇ ਸਮੇਂ ਤੋਂ PR ਦੀ ਉਡੀਕ ਕਰ ਰਹੇ ਹਨ।

ਸਿੱਖੀ ਸਰੂਪ 'ਚ ਰੈਂਪ ਵਾਕ ਕਰਕੇ ਛਾਈ ਨਵਜੋਤ ਕੌਰ

ਕੈਨੇਡਾ ਦੇ ਫੈਸ਼ਨ ਸ਼ੋਅ 'ਚ ਦਸਤਾਰ ਸਜਾ ਕੇ ਵਧਾਇਆ ਮਾਣ



ਕੈਨੇਡਾ ਵਿੱਚ ਫੈਸ਼ਨ ਰਨਵੇਅ 'ਤੇ ਬੜੇ ਮਾਣ ਨਾਲ ਦਸਤਾਰ ਸਜਾ ਕੇ ਤੁਰਨ ਵਾਲੀ ਭਾਰਤ ਤੋਂ ਪੰਜਾਬੀ ਮੂਲ ਦੀ ਇੱਕ ਸਿੱਖ ਮਹਿਲਾ ਆਨਲਾਈਨ ਸਭ ਦਾ ਦਿਲ ਜਿੱਤ ਰਹੀ ਹੈ। ਮਾਡਲ ਨਵਜੋਤ ਕੌਰ ਟੋਰਾਂਟੋ ਵਿੱਚ ਇੱਕ ਫੈਸ਼ਨ ਸ਼ੋਅ ਦੌਰਾਨ ਸ਼ਾਨਦਾਰ ਪੇਸ਼ਕਾਰੀ ਦੇਣ ਤੋਂ ਬਾਅਦ ਇੰਟਰਨੈੱਟ 'ਤੇ ਛਾਈ ਹੋਈ ਹੈ, ਜਿੱਥੇ ਉਸ ਨੇ ਪੂਰੇ ਆਤਮ-ਵਿਸ਼ਵਾਸ ਅਤੇ ਸ਼ਾਨੋ-ਸ਼ੌਕਤ ਨਾਲ ਆਪਣੀ ਸਿੱਖ ਪਛਾਣ ਨੂੰ ਪੇਸ਼ ਕੀਤਾ।

ਹੋਰਨਾਂ ਮਾਡਲਾਂ ਦੇ ਨਾਲ ਸਿਰ ਉੱਚਾ ਕਰਕੇ ਖੜ੍ਹੀ ਨਵਜੋਤ ਨੇ ਬੜੇ ਮਾਣ ਨਾਲ ਦਸਤਾਰ ਸਜਾਈ ਹੋਈ ਸੀ, ਜਿਸ ਰਾਹੀਂ ਉਸ ਨੇ ਆਪਣੀ ਪਛਾਣ, ਇਤਿਹਾਸ ਅਤੇ ਵਿਸ਼ਵਾਸ ਦਾ ਸੁਨੇਹਾ ਦਿੱਤਾ। ਉਸ ਦੀ ਇਸ ਦਿੱਖ ਨੇ ਸੋਸ਼ਲ ਮੀਡੀਆ ਵਰਤੋਂਕਾਰਾਂ ਦੇ ਦਿਲਾਂ ਨੂੰ ਛੂਹ ਲਿਆ ਹੈ ਅਤੇ ਕਈ ਲੋਕ ਉਸ ਦੇ ਆਤਮ-ਵਿਸ਼ਵਾਸ ਅਤੇ ਕੌਮਾਂਤਰੀ ਫੈਸ਼ਨ ਮੰਚ 'ਤੇ ਆਪਣੀਆਂ ਸਿੱਖ ਜੜ੍ਹਾਂ ਦੀ ਨੁਮਾਇੰਦਗੀ ਕਰਨ ਦੇ ਤਰੀਕੇ ਦੀ ਸ਼ਲਾਘਾ ਕਰ ਰਹੇ ਹਨ।

ਆਪਣੇ ਇੰਸਟਾਗ੍ਰਾਮ ਅਕਾਊਂਟ (@kaur_navjotkhalsa) 'ਤੇ ਫੈਸ਼ਨ ਸ਼ੋਅ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਨਵਜੋਤ ਨੇ ਇਸ ਪਲ ਨੂੰ ਇੱਕ ਲੰਮੇ ਸਫ਼ਰ ਦੀ ਸ਼ੁਰੂਆਤ ਦੱਸਿਆ। ਉਸ ਨੇ ਲਿਖਿਆ, "ਅਜੇ ਲੰਮਾ ਪੈਂਡਾ ਤੈਅ ਕਰਨਾ ਹੈ, ਇਹ ਤਾਂ ਸਿਰਫ਼ ਸ਼ੁਰੂਆਤ ਹੈ! ਕਦੇ ਕਲਪਨਾ ਨਹੀਂ ਕੀਤੀ ਸੀ ਪਰ ਯਕੀਨਨ ਹਾਸਲ ਕਰ ਲਿਆ ਹੈ। ਤੁਸੀਂ ਆਪਣੀ ਪਛਾਣ, ਇਤਿਹਾਸ ਅਤੇ ਵਿਸ਼ਵਾਸ ਨੂੰ ਨਾਲ ਲੈ ਕੇ ਦੁਨੀਆ ਦੇ ਹਰ ਮੰਚ 'ਤੇ ਮਜ਼ਬੂਤੀ ਨਾਲ ਖੜ੍ਹੇ ਹੋ ਸਕਦੇ ਹੋ। ਬੱਸ ਆਪਣੇ ਅੰਦਰ ਵੱਸਦੀ ਉਸ ਪਰਮ ਸ਼ਕਤੀ 'ਤੇ ਵਿਸ਼ਵਾਸ ਰੱਖੋ! ਹਾਂ, ਮੈਂ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਵੀ ਅਜਿਹਾ ਹੀ ਕਰਦੀ ਰਹਾਂਗੀ! ਮੌਕਾ ਦੇਣ ਵਾਲੇ ਡਿਜ਼ਾਈਨਰਾਂ ਨੂੰ ਬਹੁਤ ਸਾਰਾ ਪਿਆਰ।"

ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਦਾ 20 ਸਾਲਾ ਯਸ਼ਵੀਰ ਕੈਨੇਡਾ 'ਚ ਪੁਲੀਸ ਅਫ਼ਸਰ ਬਣਿਆ



ਮਿਹਨਤ, ਲਗਨ ਅਤੇ ਕਾਬਲੀਅਤ ਸਦਕਾ ਵੱਖਰੀ ਪਛਾਣ ਬਣਾਉਂਦਿਆਂ ਪਿੰਡ ਖਟਕੜ ਕਲਾਂ ਦੇ ਯਸ਼ਵੀਰ ਸਿੰਘ ਦੋਸਾਂਝ ਨੇ ਕੈਨੇਡਾ ਦੀ ਵੱਕਾਰੀ ਪੁਲੀਸ ਸੇਵਾ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰ.ਸੀ.ਐੱਮ.ਪੀ.) ਵਿੱਚ ਅਫ਼ਸਰ ਵਜੋਂ ਸ਼ਾਮਲ ਹੋ ਕੇ ਪੰਜਾਬੀਅਤ ਦਾ ਮਾਣ ਵਧਾਇਆ ਹੈ। ਉਸ ਨੇ ਮਹਿਜ਼ 20 ਸਾਲ ਦੀ ਉਮਰ ਵਿੱਚ ਇਹ ਪ੍ਰਾਪਤੀ ਹਾਸਲ ਕਰਕੇ ਨੌਜਵਾਨ ਪੀੜ੍ਹੀ ਲਈ ਪ੍ਰੇਰਕ ਉਦਾਹਰਣ ਕਾਇਮ ਕੀਤੀ ਹੈ। ਯਸ਼ਵੀਰ ਨੇ ਨਵੰਬਰ ਮਹੀਨੇ ਰੇਜਾਈਨਾ ਸਥਿਤ ਆਰ.ਸੀ.ਐੱਮ.ਪੀ. ਅਕੈਡਮੀ ਤੋਂ ਆਪਣੀ ਸਿਖਲਾਈ ਸਫ਼ਲਤਾਪੂਰਵਕ ਪੂਰੀ ਕੀਤੀ। ਇਸ ਉਪਰੰਤ ਉਹ ਕੈਨੇਡਾ ਦੀ ਕੌਮੀ ਪੁਲੀਸ ਸੇਵਾ ਦਾ ਹਿੱਸਾ ਬਣੇ। ਯਸ਼ਵੀਰ 2010 'ਚ ਆਪਣੇ ਪਰਿਵਾਰ ਸਮੇਤ ਕੈਨੇਡਾ ਆ ਗਏ ਸਨ। ਨਵੀਂ ਧਰਤੀ, ਨਵੇਂ ਮਾਹੌਲ ਅਤੇ ਵੱਖਰੀਆਂ ਚੁਣੌਤੀਆਂ ਦਰਮਿਆਨ ਵੀ ਉਸ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਭਵਿੱਖ ਦੀ ਰਾਹ ਤਿਆਰ ਕੀਤੀ। ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਯਸ਼ਵੀਰ ਨੂੰ ਪਹਿਲਾਂ ਤੋਂ ਹੀ ਮਿਹਨਤ, ਅਨੁਸ਼ਾਸਨ, ਇਮਾਨਦਾਰੀ ਅਤੇ ਉੱਚੇ ਟੀਚੇ ਰੱਖਣ ਦਾ ਸ਼ੌਕ ਸੀ। ਜ਼ਿਕਰਯੋਗ ਹੈ ਕਿ ਯਸ਼ਵੀਰ ਸਿੰਘ ਦੋਸਾਂਝ ਦਾ ਸਬੰਧ ਉਸ ਇਤਿਹਾਸਕ ਪਿੰਡ ਖਟਕੜ ਕਲਾਂ ਨਾਲ ਹੈ, ਜਿਸ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਜਨਮ ਭੂਮੀ ਵਜੋਂ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਇਸ ਪਿੰਡ ਦੇ ਨੌਜਵਾਨ ਵੱਲੋਂ ਕੈਨੇਡਾ ਦੀ ਵੱਕਾਰੀ ਪੁਲੀਸ ਸੇਵਾ ਵਿੱਚ ਆਪਣੀ ਜਗ੍ਹਾ ਬਣਾਉਣਾ ਪਿੰਡ ਅਤੇ ਪਰਿਵਾਰ ਲਈ ਖ਼ੁਸ਼ੀ ਤੇ ਮਾਣ ਵਾਲੀ ਗੱਲ ਹੈ। ਇਸ ਪ੍ਰਾਪਤੀ ਪ੍ਰਤੀ ਯਸ਼ਵੀਰ ਦਾ ਕਹਿਣਾ ਸੀ ਕਿ ਜੇ ਮਨ ਵਿੱਚ ਕੁਝ ਕਰ ਗੁਜ਼ਰਨ ਦਾ ਜਜ਼ਬਾ ਹੋਵੇ ਅਤੇ ਮਾਪਿਆਂ ਦਾ ਸਹਿਯੋਗ ਤੇ ਸਹੀ ਮਾਰਗਦਰਸ਼ਨ ਮਿਲੇ ਤਾਂ ਉਹ ਦੁਨੀਆ ਦੇ ਕਿਸੇ ਵੀ ਖੇਤਰ ਵਿੱਚ ਆਪਣੀ ਪਛਾਣ ਬਣਾਈ ਜਾ ਸਕਦੀ ਹੈ।

ਮੇਅਰ ਮਮਦਾਨੀ ਨੇ ਅਮਰੀਕਾ 'ਚ ਹਿੰਦੂ ਮੰਦਿਰਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਜਤਾਈ ਚਿੰਤਾ




ਨਿਊਯਾਰਕ ਦੇ ਮੇਅਰ ਜੋਹਾਰਾਨ ਮਮਦਾਨੀ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਅਮਰੀਕਾ ਵਿੱਚ ਹਿੰਦੂ ਮੰਦਿਰਾਂ ਨੂੰ ਨਿਸ਼ਾਨਾ ਬਣਾਏ ਜਾਣ ਅਤੇ ਰਾਜਨੀਤਕ ਮੁਹਿੰਮਾਂ ਵਿੱਚ ਵਧ ਰਹੀ ਨਫ਼ਰਤ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਮੰਗਲਵਾਰ ਨੂੰ ਇੱਥੇ ਇੱਕ ਦੀਵਾਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਮਮਦਾਨੀ ਨੇ ਵੱਖ-ਵੱਖ ਭਾਈਚਾਰਿਆਂ ਨੂੰ ਵੰਡ ਪਾਊ ਰਾਜਨੀਤੀ ਨੂੰ ਰੱਦ ਕਰਨ ਅਤੇ ਵਿਤਕਰੇ ਖ਼ਿਲਾਫ਼ ਲਾਮਬੰਦ ਹੋਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਪਿਛਲੇ ਇੱਕ ਸਾਲ ਦੌਰਾਨ ਹਿੰਦੂ ਮੰਦਿਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਮਰੀਕਾ ਦੀ ਸੰਘੀ ਸਰਕਾਰ ਦੇ ਉੱਚ ਪੱਧਰੀ ਨੇਤਾਵਾਂ ਨੇ ਸਿੱਖ ਭਾਈਚਾਰੇ ਨੂੰ ਵੀ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਜੋ ਨਫ਼ਰਤ ਕਦੇ ਸਮਾਜ ਦੇ ਹਾਸ਼ੀਏ ਤੱਕ ਸੀਮਤ ਸੀ, ਉਹ ਹੁਣ ਹੌਲੀ-ਹੌਲੀ ਰਾਜਨੀਤਕ ਮੁਹਿੰਮਾਂ ਦੇ ਕੇਂਦਰ ਵਿੱਚ ਜਗ੍ਹਾ ਬਣਾ ਰਹੀ ਹੈ।

ਮਮਦਾਨੀ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਸਾਨੂੰ ਸਹਿਣਸ਼ੀਲਤਾ ਤੇ ਆਪਸੀ ਸਤਿਕਾਰ 'ਤੇ ਅਧਾਰਤ ਸਮਾਜ ਦੀ ਸਿਰਜਣਾ ਲਈ ਕੰਮ ਕਰਨ ਦੀ ਯਾਦ ਦਿਵਾਉਂਦਾ ਹੈ। ਆਪਣੀ ਨਿੱਜੀ ਪਿਛੋਕੜ ਦਾ ਜ਼ਿਕਰ ਕਰਦਿਆਂ ਮਮਦਾਨੀ ਨੇ ਕਿਹਾ ਕਿ ਉਨ੍ਹਾਂ ਦੀ ਮਾਂ ਪੰਜਾਬੀ ਹਿੰਦੂ ਹਨ, ਜਦਕਿ ਉਨ੍ਹਾਂ ਦੇ ਪਿਤਾ ਗੁਜਰਾਤੀ ਮੂਲ ਦੇ ਯੁਗਾਂਡਾਈ ਮੁਸਲਮਾਨ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਨੂੰ ਹਿੰਦੂ ਧਰਮ ਦੀ ਸੁੰਦਰਤਾ ਅਤੇ ਉਸ ਵਿੱਚ ਨਿਹਿਤ ਗਿਆਨ ਦਾ ਸਤਿਕਾਰ ਕਰਨਾ ਸਿਖਾਇਆ ਹੈ। ਹਿੰਦੂ ਧਰਮ ਨੂੰ ਅਨੇਕ ਦੇਵੀ-ਦੇਵਤਿਆਂ ਅਤੇ ਧਾਰਮਿਕ ਕਥਾਵਾਂ ਵਾਲਾ ਧਰਮ ਦੱਸਦਿਆਂ ਉਨ੍ਹਾਂ ਪ੍ਰਾਚੀਨ ਗ੍ਰੰਥਾਂ, ਰਾਮਾਯਣ ਅਤੇ ਮਹਾਭਾਰਤ ਦਾ ਹਵਾਲਾ ਦਿੱਤਾ। ਮਮਦਾਨੀ ਨੇ ਕਿਹਾ ਕਿ ਇਸ ਸਾਲ ਦਾ ਦੀਵਾਲੀ ਦਾ ਤਿਉਹਾਰ ਸਾਨੂੰ ਇਹ ਵੀ ਯਾਦ ਦਿਵਾਉਂਦਾ ਹੈ ਕਿ ਅਜਿਹਾ ਸਮਾਜ ਅਤੇ ਅਜਿਹਾ ਸਿਆਸੀ ਮਾਹੌਲ ਸਿਰਜਣ ਲਈ ਅਜੇ ਬਹੁਤ ਕੰਮ ਕਰਨਾ ਬਾਕੀ ਹੈ, ਜਿਸ ਦੀਆਂ ਜੜ੍ਹਾਂ ਸਹਿਣਸ਼ੀਲਤਾ, ਹਮਦਰਦੀ ਅਤੇ ਆਪਸੀ ਸਤਿਕਾਰ ਵਿੱਚ ਹੋਣ। ਉਨ੍ਹਾਂ ਨੇ ਦੀਵਾਲੀ ਦੇ ਜਸ਼ਨ ਦੀ ਮੇਜ਼ਬਾਨੀ ਕਰਨ ਨੂੰ ਆਪਣੇ ਜੀਵਨ ਵਿੱਚ ਇੱਕ ਬਹੁਤ ਵੱਡਾ ਸਨਮਾਨ ਅਤੇ ਸੁਭਾਗ ਦੱਸਿਆ।

ਪਟਿਆਲਾ-ਬਠਿੰਡਾ ਕੌਮੀ ਮਾਰਗ 'ਤੇ ਡਿੱਗਿਆ ਭਾਖੜਾ ਨਹਿਰ ਦਾ ਪੁਲ

ਮਲਬੇ 'ਚ ਫਸੇ ਦੋ ਟਰੱਕ, ਇੱਕ ਨੂੰ ਲੱਗੀ ਅੱਗ



ਪਟਿਆਲਾ-ਸੰਗਰੂਰ-ਬਠਿੰਡਾ ਕੌਮੀ ਮਾਰਗ 'ਤੇ ਭਾਖੜਾ ਨਹਿਰ ਉੱਪਰ ਬਣਿਆ ਇੱਕ ਬੇਲੀ ਪੁਲ ਵੀਰਵਾਰ ਸਵੇਰੇ ਅਚਾਨਕ ਡਿੱਗ ਗਿਆ। ਇਸ ਦੌਰਾਨ ਦੋ ਟਰੱਕ ਹੇਠਾਂ ਡਿੱਗ ਕੇ ਪੁਲ ਦੇ ਮਲਬੇ ਵਿੱਚ ਲਟਕ ਗਏ। ਇਨ੍ਹਾਂ ਵਿੱਚੋਂ ਇੱਕ ਟਰੱਕ ਨੂੰ ਅੱਗ ਵੀ ਲੱਗ ਗਈ। ਹਾਲਾਂਕਿ, ਕਿਸੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ, ਪਰ ਟਰੱਕਾਂ ਦੇ ਡਰਾਈਵਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਇਹ ਘਟਨਾ ਤੜਕਸਾਰ ਪਿੰਡ ਪਸਿਆਣਾ ਨੇੜੇ ਉਸ ਸਮੇਂ ਵਾਪਰੀ ਜਦੋਂ ਦੋ ਟਰੱਕ ਪੁਲ ਤੋਂ ਲੰਘ ਰਹੇ ਸਨ। ਇਹ ਟਰੱਕ ਰੇਤ ਨਾਲ ਭਰੇ ਹੋਏ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਪੁਲ ਜ਼ਿਆਦਾ ਭਾਰ ਕਾਰਨ ਡਿੱਗਿਆ ਹੈ—ਜੋ ਸ਼ਾਇਦ ਪੁਲ ਤੋਂ ਲੰਘਣ ਦੀ ਨਿਰਧਾਰਤ ਸੀਮਾ ਤੋਂ ਵੱਧ ਸੀ। ਪਰ, ਅਸਲ ਕਾਰਨਾਂ ਦਾ ਪਤਾ ਤਕਨੀਕੀ ਮਾਹਿਰਾਂ ਵੱਲੋਂ ਲਗਾਇਆ ਜਾਵੇਗਾ।

ਜਾਣਕਾਰੀ ਅਨੁਸਾਰ ਅੱਜ ਸਵੇਰੇ ਕਰੀਬ ਛੇ ਵਜੇ ਜਦੋਂ ਇਸ ਪੁਲ ਤੋਂ ਤਿੰਨ ਗੱਡੀਆਂ ਲੰਘ ਰਹੀਆਂ ਸਨ ਤਾਂ ਜਦੋਂ ਇਕ ਗੱਡੀ ਦਾ ਅੱਧਾ ਹਿੱਸਾ ਅਜੇ ਪੁਲ 'ਤੇ ਹੀ ਸੀ ਤਾਂ ਪੁੱਲ ਡਿੱਗ ਟੁੱਟ ਗਿਆ ਪਰੰਤੂ ਉਸ ਟਰੱਕ ਡਰਾਈਵਰ ਨੇ ਭਜਾ ਕੇ ਆਪਣੀ ਗੱਡੀ ਕੱਢ ਦਿੱਤੀ। ਪਰੰਤੂ ਜਿਹੜੀਆਂ ਦੋ ਗੱਡੀਆਂ ਪੁਲ ਦੇ ਉੱਪਰ ਸਨ ਉਹ ਪੁਲ ਦੇ ਨਾਲ ਹੀ ਹੇਠਾਂ ਡਿੱਗ ਗਈਆਂ।

ਪੁਲ ਡਿੱਗਣ ਤੋਂ ਬਾਅਦ, ਦੋਵੇਂ ਟਰੱਕ ਟੁੱਟੇ ਹੋਏ ਢਾਂਚੇ ਵਿੱਚ ਫਸ ਗਏ ਅਤੇ ਨਹਿਰ ਦੇ ਉੱਪਰ ਲਟਕਦੇ ਰਹੇ, ਜਦਕਿ ਭਾਖੜਾ ਨਹਿਰ ਦਾ ਪਾਣੀ ਡਿੱਗੇ ਹੋਏ ਪੁਲ ਦੇ ਉੱਪਰੋਂ ਵਹਿ ਰਿਹਾ ਸੀ। ਇੱਕ ਟਰੱਕ ਨੂੰ ਲੱਗੀ ਅੱਗ 'ਤੇ ਕਾਬੂ ਪਾਉਣ ਲਈ ਮੌਕੇ 'ਤੇ ਫਾਇਰ ਬ੍ਰਿਗੇਡ ਦੀ ਗੱਡੀ ਬੁਲਾਈ ਗਈ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਬਚਾਅ ਟੀਮਾਂ, ਪੁਲ

ਦਿੱਲੀ ਵਿੱਚ ਬੇਅਦਬੀ ਦਾ ਮਾਮਲਾ:

ਜਥੇਦਾਰ ਵੱਲੋਂ ਪ੍ਰਬੰਧਕ ਅਤੇ ਦਿੱਲੀ ਕਮੇਟੀ ਮੈਂਬਰ ਤਲਬ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਿੱਲੀ ਦੇ ਤਿਲਕ ਨਗਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬਪੁਰਾ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸ ਮਾਮਲੇ ਵਿੱਚ ਤੁਰੰਤ ਨੋਟਿਸ ਲੈਂਦਿਆਂ ਜਥੇਦਾਰ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿੱਲੀ ਸਿੱਖ ਮਿਸ਼ਨ ਰਾਹੀਂ ਘਟਨਾ ਸਬੰਧੀ ਰਿਪੋਰਟ ਪ੍ਰਾਪਤ ਕੀਤੀ ਹੈ। ਦਿੱਲੀ ਦੀ ਸਿੱਖ ਸੰਗਤ ਵੱਲੋਂ ਵੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਭੇਜੀਆਂ ਗਈਆਂ ਹਨ। ਪੁੱਜੀ ਰਿਪੋਰਟ ਅਤੇ ਸ਼ਿਕਾਇਤ ਅਨੁਸਾਰ ਇਸ ਮਾਮਲੇ ਵਿੱਚ ਬੇਅਦਬੀ ਹੋਣ ਤੋਂ ਬਾਅਦ ਪ੍ਰਬੰਧਕਾਂ ਨੇ ਕਥਿਤ ਤੌਰ ਉੱਤੇ ਮਾਮਲੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਅਤੇ ਗੁਰੂ ਘਰ ਅੰਦਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਵਿੱਚ ਅਣਗਹਿਲੀ ਵਰਤੀ ਹੈ, ਜਿਸ ਕਰਕੇ ਸਿੱਖ ਸੰਗਤ ਦੇ ਮਨਾਂ ਵਿੱਚ ਭਾਰੀ ਰੋਸ ਹੈ।

ਇਸ 'ਤੇ ਕਾਰਵਾਈ ਕਰਦਿਆਂ ਜਥੇਦਾਰ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਮਿੰਦਰ ਸਿੰਘ ਅਤੇ ਬੀਬੀ ਰਣਜੀਤ ਕੌਰ, ਗੁਰਦੁਆਰਾ ਸਾਹਿਬ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਪ੍ਰੇਮ ਸਿੰਘ, ਮਨਮੋਹਨ ਸਿੰਘ, ਸਰੂਪ ਸਿੰਘ, ਹਰਬੀਰ ਸਿੰਘ ਅਤੇ ਸੁਖਦੇਵ ਸਿੰਘ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਨੂੰ 21 ਨਵੰਬਰ ਨੂੰ ਸਵੇਰੇ 11 ਵਜੇ ਆਪਣਾ ਲਿਖਤੀ ਸਪੱਸ਼ਟੀਕਰਨ ਲੈ ਕੇ ਨਿੱਜੀ ਰੂਪ ਵਿੱਚ ਪੇਸ਼ ਹੋਣ ਦਾ ਆਦੇਸ਼ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਮਿੱਥ ਕੇ ਬੇਅਦਬੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਦਿੱਲੀ ਦੇ ਤਿਲਕ ਨਗਰ ਵਿੱਚ ਵਾਪਰੀ ਘਟਨਾ ਵੀ ਇਸੇ ਲੜੀ ਦਾ ਹਿੱਸਾ ਜਾਪਦੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਕਰਨ ਵਾਲੇ ਮੁਲਜ਼ਮ ਦੀ ਮਨਸ਼ਾ ਅਤੇ ਇਸ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ, ਨਸ਼ਰ ਹੋਣੀਆਂ ਚਾਹੀਦੀਆਂ ਹਨ।

ਉਨ੍ਹਾਂ ਦੇਸ਼-ਵਿਦੇਸ਼ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਨੂੰ ਤਾਕੀਦ ਕੀਤੀ ਕਿ ਉਹ ਆਪੋ-ਆਪਣੇ ਅਸਥਾਨਾਂ ਉੱਤੇ ਸੁਰੱਖਿਆ ਦੇ ਪ੍ਰਬੰਧ ਪੁਖ਼ਤਾ ਰੱਖਣ ਅਤੇ ਹਰ ਸਮੇਂ ਪਹਿਰੇਦਾਰੀ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਸੁਰੱਖਿਆ ਅਤੇ ਪ੍ਰਬੰਧਾਂ ਵਿੱਚ ਅਣਗਹਿਲੀ ਕਰਨ ਵਾਲੇ ਪ੍ਰਬੰਧਕਾਂ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਮੁਲਜ਼ਮ ਨੇ 15 ਨਵੰਬਰ ਨੂੰ ਗੁਰਦੁਆਰਾ ਸਾਹਿਬ ਵਿਖੇ ਬੇਅਦਬੀ ਕੀਤੀ ਅਤੇ ਪ੍ਰਬੰਧਕਾਂ ਨੇ 17 ਨਵੰਬਰ ਤੱਕ ਇਸ ਨੂੰ ਕਥਿਤ ਤੌਰ ਉੱਤੇ ਦਬਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਉਹ ਵਿਅਕਤੀ ਜਦੋਂ ਦੁਬਾਰਾ 17 ਨਵੰਬਰ ਨੂੰ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਘੁੰਮਦਾ ਦਿਖਾਈ ਦਿੱਤਾ ਤਾਂ ਗੁਰੂ ਘਰ ਦੇ ਗ੍ਰੰਥੀ ਸਿੰਘ ਅਤੇ ਸੇਵਾਦਾਰ ਨੇ ਉਸ ਨੂੰ ਫੜ ਕੇ ਰੌਲਾ ਪਾਉਣਾ ਸ਼ੁਰੂ ਕੀਤਾ ਤਾਂ ਸੰਗਤ ਇਕੱਠੀ ਹੋਈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਮੁਲਜ਼ਮ ਹੁਣ ਪੁਲੀਸ ਹਿਰਾਸਤ ਵਿੱਚ ਹੈ ਪਰੰਤੂ ਇਸ ਘਟਨਾ ਵਿੱਚ ਪ੍ਰਬੰਧਕਾਂ ਦੀ ਵੀ ਵੱਡੀ ਅਣਗਹਿਲੀ ਹੈ, ਜਿਸ ਕਰਕੇ ਉਨ੍ਹਾਂ ਨੂੰ ਤਲਬ ਕੀਤਾ ਗਿਆ ਹੈ।

ਬੇਅਦਬੀ ਮਾਮਲੇ 'ਤੇ ਮੁੜ ਆਹਮੋ-ਸਾਹਮਣੇ ਸਰਕਾਰ ਤੇ ਅਕਾਲ ਤਖ਼ਤ?

ਜਸਕਰਨ ਸਿੰਘ ਨੇ ਖੋਲ੍ਹਿਆ ਸਾਰਾ ਮਾਮਲਾ!



ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਾਲੇ ਚੱਲ ਰਹੇ ਤਣਾਅ ਦਰਮਿਆਨ ਜਸਕਰਨ ਸਿੰਘ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੇ ਮਾਮਲੇ ਵਿੱਚ ਕੋਈ ਵਿਰੋਧ ਨਹੀਂ, ਪਰ ਸਿੱਖ ਸੰਸਥਾਵਾਂ ਦੀ ਖੁਦਮੁਖਤਿਆਰੀ ਅਤੇ ਮਰਿਆਦਾ ਨਾਲ ਸਮਝੌਤਾ ਨਹੀਂ ਹੋ ਸਕਦਾ। ਦਰਅਸਲ, ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਮਾਮਲਿਆਂ ਸਬੰਧੀ ਬਣਾਈ ਗਈ ਤਾਲਮੇਲ ਕਮੇਟੀ ਦੀ ਮੀਟਿੰਗ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੁਮਾਇੰਦੇ ਸ਼ਾਮਲ ਨਹੀਂ ਹੋਏ। ਇਸ ਤੋਂ ਬਾਅਦ ਜਸਕਰਨ ਸਿੰਘ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਕਸਦ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਤੋਂ ਰੋਕਣਾ ਨਹੀਂ ਹੈ। ਉਨ੍ਹਾਂ ਮੁਤਾਬਕ ਜੇਕਰ ਕਾਨੂੰਨੀ ਪ੍ਰਕਿਰਿਆ ਰਾਹੀਂ ਦੋਸ਼ੀਆਂ ਨੂੰ ਫਾਂਸੀ ਜਾਂ ਉਮਰ ਕੈਦ ਵਰਗੀ ਸਖ਼ਤ ਸਜ਼ਾ ਮਿਲਦੀ ਹੈ ਤਾਂ ਇਸ 'ਤੇ ਵੀ ਕੋਈ ਇਤਰਾਜ਼ ਨਹੀਂ ਹੈ। ਪਰ ਅਸਲ ਇਤਰਾਜ਼ ਉਸ ਸਮੇਂ ਹੁੰਦਾ ਹੈ, ਜਦੋਂ ਕਾਨੂੰਨ ਦੀ ਆੜ ਵਿੱਚ ਸਿੱਖ ਧਾਰਮਿਕ ਸੰਸਥਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਸਰਕਾਰ ਵੱਲੋਂ ਦਖ਼ਲ ਦਿੱਤਾ ਜਾਂਦਾ ਹੈ।

ਜਸਕਰਨ ਸਿੰਘ ਨੇ ਇਹ ਵੀ ਕਿਹਾ ਕਿ ਸਿੱਖ ਸੰਸਥਾਵਾਂ ਦੀ ਮਰਿਆਦਾ ਨੂੰ ਕਾਇਮ ਰੱਖਣਾ ਅਤੇ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਨੂੰ ਰੋਕਣਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਪਹਿਲਾਂ ਉਠਾਏ ਗਏ ਸਵਾਲਾਂ ਅਤੇ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ। ਸਰਕਾਰ ਵੱਲੋਂ ਪਹਿਲਾਂ ਮੰਗੇ ਗਏ ਜਵਾਬ ਸਪੱਸ਼ਟ ਕੀਤੇ ਜਾਣ, ਤਾਂ ਜੋ ਇਸ ਗੰਭੀਰ ਮਸਲੇ 'ਤੇ ਅੱਗੇ ਗੱਲਬਾਤ ਦਾ ਰਾਹ ਖੁੱਲ੍ਹ ਸਕੇ। ਹੁਣ ਇਸ ਪੂਰੇ ਮਾਮਲੇ ਵਿੱਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਨਾਲ ਗੱਲਬਾਤ ਤੋਂ ਇਨਕਾਰ ਨਹੀਂ ਕੀਤਾ ਗਿਆ, ਸਗੋਂ ਪਹਿਲਾਂ ਉਠਾਏ ਗਏ ਸਵਾਲਾਂ ਦੇ ਜਵਾਬ ਮੰਗੇ ਜਾ ਰਹੇ ਹਨ। ਇੱਕ ਪਾਸੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਹੈ, ਦੂਜੇ ਪਾਸੇ ਸਿੱਖ ਸੰਸਥਾਵਾਂ ਦੇ ਪ੍ਰਬੰਧ ਅਤੇ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਨੂੰ ਲੈ ਕੇ ਇਤਰਾਜ਼ ਜਤਾਇਆ ਜਾ ਰਿਹਾ ਹੈ। ਅਜਿਹੇ ਵਿੱਚ ਹੁਣ ਦੇਖਣਾ ਹੋਵੇਗਾ ਕਿ ਪੰਜਾਬ ਸਰਕਾਰ ਇਸ ਬਿਆਨ 'ਤੇ ਕੀ ਪ੍ਰਤੀਕਿਰਿਆ ਦਿੰਦੀ ਹੈ ਅਤੇ ਕੀ ਦੋਵਾਂ ਧਿਰਾਂ ਵਿਚਾਲੇ ਗੱਲਬਾਤ ਦਾ ਕੋਈ ਰਾਹ ਨਿਕਲਦਾ ਹੈ?

21 ਨਵੰਬਰ ਨੂੰ ਜੱਲੂਪੁਰ ਖੇੜਾ ਪਹੁੰਚੇਗਾ ਅੰਮ੍ਰਿਤਪਾਲ!

ਦਾਦੀ ਦੇ ਅੰਤਿਮ ਸੰਸਕਾਰ 'ਚ ਹੋ ਸਕੇਗਾ ਸ਼ਾਮਲ!



ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਆਪਣੀ ਦਾਦੀ ਦੇ ਦਿਹਾਂਤ ਤੋਂ ਬਾਅਦ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਪਾਲ ਸਿੰਘ ਵੱਲੋਂ ਅਦਾਲਤ ਵਿੱਚ ਲਗਾਈ ਗਈ ਅਰਜ਼ੀ ਮਨਜ਼ੂਰ ਹੋ ਗਈ ਹੈ। ਯਾਨੀ ਹੁਣ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਲਿਆਂਦਾ ਜਾਵੇਗਾ। ਹਾਲਾਂਕਿ, ਉਸ ਨੂੰ ਇਹ ਇਜਾਜ਼ਤ ਪੁਲਿਸ ਹਿਰਾਸਤ ਵਿੱਚ ਅਸਥਾਈ ਰਿਹਾਈ ਦੇ ਰੂਪ ਵਿੱਚ ਦਿੱਤੀ ਗਈ ਹੈ। ਦਰਅਸਲ, ਅੰਮ੍ਰਿਤਪਾਲ ਸਿੰਘ ਦੀ ਦਾਦੀ ਚਰਨ ਕੌਰ ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ 21 ਨਵੰਬਰ ਨੂੰ ਅੰਮ੍ਰਿਤਸਰ ਦੇ ਪਿੰਡ ਜੱਲੂਪੁਰ ਖੇੜਾ ਵਿਖੇ ਕੀਤਾ ਜਾਣਾ ਹੈ।

ਇਸ ਸਬੰਧੀ ਪਰਿਵਾਰ ਵੱਲੋਂ ਵਕੀਲ ਰਿਤੂਰਾਜ ਸਿੰਘ ਰਾਹੀਂ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਿੰਦਰ ਸਿੰਘ ਦੀ ਅਦਾਲਤ ਨੇ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਹਿਰਾਸਤ ਵਿੱਚ ਅਸਥਾਈ ਰਿਹਾਈ ਦੇਣ ਦੀ ਇਜਾਜ਼ਤ ਦੇ ਦਿੱਤੀ ਹੈ। ਪਰਿਵਾਰ ਵੱਲੋਂ ਅਦਾਲਤ ਵਿੱਚ ਦਿੱਤੀ ਗਈ ਪਟੀਸ਼ਨ ਵਿੱਚ ਇਹ ਵੀ ਦੱਸਿਆ ਗਿਆ ਸੀ ਕਿ ਅੰਤਿਮ ਸੰਸਕਾਰ ਤੋਂ ਇਲਾਵਾ 22 ਨਵੰਬਰ ਨੂੰ ਸ਼ਮਸ਼ਾਨਘਾਟ ਤੋਂ ਅਸਥੀਆਂ ਚੁੱਕਣ ਦੀ ਰਸਮ ਅਤੇ 23 ਨਵੰਬਰ ਨੂੰ ਭੋਗ ਸਮਾਗਮ ਰੱਖਿਆ ਗਿਆ ਹੈ। ਪਰਿਵਾਰ ਨੇ ਅਪੀਲ ਕੀਤੀ ਸੀ ਕਿ ਅੰਮ੍ਰਿਤਪਾਲ ਸਿੰਘ ਨੂੰ ਆਪਣੀ ਦਾਦੀ ਨਾਲ ਗੂੜ੍ਹੇ ਲਗਾਅ ਕਾਰਨ ਇਨ੍ਹਾਂ ਤਿੰਨਾਂ ਧਾਰਮਿਕ ਰਸਮਾਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ।

ਅਦਾਲਤ ਦੇ ਹੁਕਮਾਂ ਵਿੱਚ ਇੱਕ ਹੋਰ ਅਹਿਮ ਗੱਲ ਵੀ ਸਾਹਮਣੇ ਆਈ ਹੈ। ਡਿਬਰੂਗੜ੍ਹ ਜੇਲ੍ਹ ਤੋਂ ਅੰਮ੍ਰਿਤਸਰ ਸਥਿਤ ਉਸ ਦੇ ਜੱਦੀ ਪਿੰਡ ਤੱਕ ਲਿਆਉਣ ਅਤੇ ਵਾਪਸ ਲਿਜਾਣ ਦਾ ਸਾਰਾ ਖਰਚਾ ਪਰਿਵਾਰ ਨੂੰ ਖੁਦ ਚੁੱਕਣਾ ਪਵੇਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪਰਿਵਾਰ ਵੱਲੋਂ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਸੀ। ਪਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਇੰਨੇ ਘੱਟ ਸਮੇਂ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਲਿਆਉਣ ਵਿੱਚ ਆ ਰਹੀਆਂ ਮੁਸ਼ਕਲਾਂ ਕਾਰਨ ਪਰਿਵਾਰ ਨੂੰ ਮੁੜ ਅਦਾਲਤ ਦਾ ਰੁਖ ਕਰਨਾ ਪਿਆ। ਫਿਲਹਾਲ ਅਦਾਲਤ ਦੇ ਇਸ ਹੁਕਮ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ 21 ਨਵੰਬਰ ਨੂੰ ਆਪਣੇ ਜੱਦੀ ਪਿੰਡ ਜੱਲੂਪੁਰ ਖੇੜਾ ਪਹੁੰਚਣ ਦਾ ਰਾਹ ਪੱਧਰਾ ਹੋ ਗਿਆ ਹੈ। ਹੁਣ ਦੇਖਣਾ ਹੋਵੇਗਾ ਕਿ ਡਿਬਰੂਗੜ੍ਹ ਤੋਂ ਪੰਜਾਬ ਤੱਕ ਉਸ ਨੂੰ ਲਿਆਉਣ ਲਈ ਸੁਰੱਖਿਆ ਅਤੇ ਆਵਾਜਾਈ ਦੇ ਕੀ ਪ੍ਰਬੰਧ ਕੀਤੇ ਜਾਂਦੇ ਹਨ।

ਪਰਨੀਤ ਕੌਰ ਦਾ ਚੰਨੀ ਨੂੰ ਕਰਾਰਾ ਜਵਾਬ!

"ਚੰਨੀ ਸਾਹਿਬ ਆਪਣੇ ED ਕੇਸ ਦੇਖੋ!"



ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ 'ਚ ਵਾਪਸੀ ਹੋਵੇਗੀ ਜਾਂ ਨਹੀਂ? ਪੰਜਾਬ ਦੀ ਸਿਆਸਤ 'ਚ ਪਿਛਲੇ ਕਈ ਦਿਨਾਂ ਤੋਂ ਇਸ ਸਵਾਲ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ ਹੈ... ਪਰ ਹੁਣ ਇਨ੍ਹਾਂ ਸਾਰੀਆਂ ਚਰਚਾਵਾਂ 'ਤੇ ਪਰਨੀਤ ਕੌਰ ਨੇ ਵੱਡਾ ਬਿਆਨ ਦੇ ਕੇ ਵਿਰਾਮ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਪਰਨੀਤ ਕੌਰ ਨੇ ਸਾਫ਼ ਕਰ ਦਿੱਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਮੇਤ ਉਨ੍ਹਾਂ ਦਾ ਪੂਰਾ ਪਰਿਵਾਰ ਭਾਜਪਾ ਵਿੱਚ ਹੈ ਅਤੇ ਭਾਜਪਾ ਵਿੱਚ ਹੀ ਰਹੇਗਾ। ਇੰਨਾ ਹੀ ਨਹੀਂ, ਉਨ੍ਹਾਂ ਨੇ ਕਾਂਗਰਸ ਵੱਲੋਂ ਕੈਪਟਨ ਦੀ ਵਾਪਸੀ ਨੂੰ ਲੈ ਕੇ ਕੀਤੀ ਜਾ ਰਹੀ ਬਿਆਨਬਾਜ਼ੀ ਨੂੰ ਵੀ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਪਰਨੀਤ ਕੌਰ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਆਪਣਾ ਸਟੈਂਡ ਸਪੱਸ਼ਟ ਕਰ ਚੁੱਕੇ ਹਨ। ਉਹ ਵਾਰ-ਵਾਰ ਆਪਣੇ ਫ਼ੈਸਲੇ ਨਹੀਂ ਬਦਲਦੇ ਅਤੇ ਇੱਕ ਵਾਰ ਲਿਆ ਫ਼ੈਸਲਾ ਵਾਪਸ ਲੈਣ ਵਾਲਿਆਂ ਵਿੱਚੋਂ ਨਹੀਂ ਹਨ। ਇਸ ਲਈ ਉਨ੍ਹਾਂ ਮੁਤਾਬਕ ਕੈਪਟਨ ਦੀ ਕਾਂਗਰਸ ਵਿੱਚ ਵਾਪਸੀ ਦਾ ਮੁੱਦਾ ਹੁਣ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ। ਉੱਧਰ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਸੋਨੀਆ ਗਾਂਧੀ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਅਤੇ ਕਾਂਗਰਸ ਵਿੱਚ ਵਾਪਸੀ ਨੂੰ ਲੈ ਕੇ ਕੀਤੀ ਗਈ ਟਿੱਪਣੀ 'ਤੇ ਵੀ ਪਰਨੀਤ ਕੌਰ ਨੇ ਤਿੱਖਾ ਪਲਟਵਾਰ ਕੀਤਾ ਹੈ। ਚੰਨੀ ਵੱਲੋਂ ED ਕੇਸਾਂ ਦਾ ਹਵਾਲਾ ਦੇ ਕੇ ਕੀਤੇ ਗਏ ਤੰਜ ਦਾ ਜਵਾਬ ਦਿੰਦਿਆਂ ਪਰਨੀਤ ਕੌਰ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੂੰ ਉਨ੍ਹਾਂ ਦੀ ਚਿੰਤਾ ਕਰਨ ਦੀ ਬਜਾਏ ਆਪਣੇ ED ਕੇਸਾਂ ਦੀ ਚਿੰਤਾ ਕਰਨੀ ਚਾਹੀਦੀ ਹੈ। ਇਸ ਬਿਆਨ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਬਿਆਨਬਾਜ਼ੀ ਤੇਜ਼ ਹੋਣ ਦੇ ਆਸਾਰ ਹਨ। ਇਸ ਦੌਰਾਨ ਵਿਦੇਸ਼ਾਂ ਵਿੱਚ ਜਾ ਕੇ ਭਾਰਤੀ ਸਿਆਸਤ ਬਾਰੇ ਬਿਆਨਬਾਜ਼ੀ ਕਰਨ ਵਾਲਿਆਂ 'ਤੇ ਵੀ ਪਰਨੀਤ ਕੌਰ ਨੇ ਆਪਣੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ ਕਿ ਜਿਹੜੇ ਲੋਕਾਂ ਨੇ ਸਿਆਸੀ ਆਊਟਰੀਚ ਕਰਨੀ ਹੈ, ਉਹ ਭਾਰਤ ਦੇ ਅੰਦਰ ਹੀ ਕਰਨ। ਉਨ੍ਹਾਂ ਮੁਤਾਬਕ ਦੇਸ਼ ਤੋਂ ਬਾਹਰ ਜਾ ਕੇ ਸਿਆਸੀ ਅਸਥਿਰਤਾ ਪੈਦਾ ਕਰਨ ਜਾਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰਨ ਦਾ ਕੋਈ ਮਤਲਬ ਨਹੀਂ ਹੈ।

ਪਰਨੀਤ ਕੌਰ ਨੇ ਕਿਹਾ ਕਿ ਹਰ ਕਿਸੇ ਨੂੰ ਆਪਣੇ ਦੇਸ਼ ਵਿੱਚ ਆਪਣੀ ਪਾਰਟੀ ਦੀ ਗੱਲ ਕਰਨ ਦਾ ਪੂਰਾ ਹੱਕ ਹੈ, ਪਰ ਇੱਕ ਅਣਲਿਖਿਆ ਨਿਯਮ ਇਹ ਵੀ ਹੈ ਕਿ ਵਿਦੇਸ਼ਾਂ ਵਿੱਚ ਆਪਣੇ ਹੀ ਦੇਸ਼ ਦੀ ਬਦਨਾਮੀ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ਪੰਜਾਬ ਵਿੱਚ ਭਾਜਪਾ ਦੇ ਸਿਆਸੀ ਭਵਿੱਖ ਬਾਰੇ ਗੱਲ ਕਰਦਿਆਂ ਪਰਨੀਤ ਕੌਰ ਨੇ ਪੂਰਾ ਭਰੋਸਾ ਜਤਾਇਆ ਕਿ ਇਸ ਵਾਰ ਪੰਜਾਬ ਵਿੱਚ ਭਾਜਪਾ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਵੇਗੀ। ਸੋ ਹੁਣ ਇੱਕ ਪਾਸੇ ਕੈਪਟਨ ਦੀ ਕਾਂਗਰਸ ਵਿੱਚ ਵਾਪਸੀ ਦੀਆਂ ਚਰਚਾਵਾਂ 'ਤੇ ਪਰਨੀਤ ਕੌਰ ਨੇ ਪੂਰਨ ਵਿਰਾਮ ਲਗਾਇਆ ਹੈ, ਉੱਥੇ ਹੀ ਦੂਜੇ ਪਾਸੇ ਚੰਨੀ ਨੂੰ ਦਿੱਤੇ ਜਵਾਬ ਅਤੇ ਪੰਜਾਬ ਵਿੱਚ ਭਾਜਪਾ ਸਰਕਾਰ ਬਣਨ ਦੇ ਦਾਅਵੇ ਨੇ ਸੂਬੇ ਦੀ ਸਿਆਸਤ ਨੂੰ ਹੋਰ ਗਰਮਾ ਦਿੱਤਾ ਹੈ।

ਗੈਂਗਸਟਰਵਾਦ ਤੇ ਨਸ਼ਾਖੋਰੀ ਨੇ ਸੂਬੇ

ਦਿਲਜੀਤ ਦੋਸਾਂਝ ਦਾ ਵਿਰੋਧੀਆਂ ਨੂੰ ਕਰਾਰਾ ਜਵਾਬ!

ਕਿਹਾ– ਕਿਸੇ ਦੇ ਬਾਪ ਦਾ ਹਿੰਦੁਸਤਾਨ ਥੋੜ੍ਹੀ ਹੈ



ਨਾ ਧਮਕੀਆਂ ਦਾ ਡਰ... ਨਾ ਵਿਰੋਧ ਦੀ ਪਰਵਾਹ... ਤੇ ਨਾ ਹੀ ਆਪਣੇ ਫੈਨਜ਼ ਨਾਲ ਕੀਤਾ ਵਾਅਦਾ ਤੋੜਨ ਦਾ ਇਰਾਦਾ! ਜਦੋਂ ਇੰਦੌਰ 'ਚ ਦਿਲਜੀਤ ਦੋਸਾਂਝ ਦੇ ਕੰਸਰਟ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਹੋਈਆਂ, ਤਾਂ ਪੰਜਾਬੀ ਗਾਇਕ ਨੇ ਸਟੇਜ ਤੋਂ ਅਜਿਹਾ ਜਵਾਬ ਦਿੱਤਾ ਕਿ ਹਰ ਪਾਸੇ ਉਸ ਦੀ ਚਰਚਾ ਹੋਣ ਲੱਗੀ। ਦਿਲਜੀਤ ਨੇ ਮਸ਼ਹੂਰ ਸ਼ਾਇਰ ਰਾਹਤ ਇੰਦੌਰੀ ਦੀਆਂ ਸਤਰਾਂ ਪੜ੍ਹਦਿਆਂ ਕਿਹਾ... 'ਸਭ ਦਾ ਖੂਨ ਹੈ ਸ਼ਾਮਲ ਇੱਥੋਂ ਦੀ ਮਿੱਟੀ 'ਚ, ਕਿਸੇ ਦੇ ਬਾਪ ਦਾ ਹਿੰਦੁਸਤਾਨ ਥੋੜ੍ਹੀ ਹੈ!' ਤੇ ਇਸ ਤੋਂ ਪਹਿਲਾਂ ਉਨ੍ਹਾਂ ਨੇ 'ਜੈ ਸ਼੍ਰੀ ਮਹਾਕਾਲ' ਦੇ ਜੈਕਾਰੇ ਵੀ ਲਗਵਾਏ। ਦਰਅਸਲ, ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਇਨ੍ਹੀਂ ਦਿਨੀਂ ਆਪਣੇ AURA India Tour 2026 ਨੂੰ ਲੈ ਕੇ ਚਰਚਾ 'ਚ ਹਨ। ਐਤਵਾਰ ਨੂੰ ਮੱਧ ਪ੍ਰਦੇਸ਼ ਦੇ ਇੰਦੌਰ 'ਚ ਉਨ੍ਹਾਂ ਦਾ ਲਾਈਵ ਕੰਸਰਟ ਹੋਇਆ, ਪਰ ਇਸ ਸ਼ੋਅ ਤੋਂ ਪਹਿਲਾਂ ਕਈ ਤਰ੍ਹਾਂ ਦੇ ਵਿਵਾਦ ਸਾਹਮਣੇ ਆਏ। ਕਦੇ ਕੰਸਰਟ ਨੂੰ ਮਿਲਣ ਵਾਲੀ ਇਜਾਜ਼ਤ 'ਤੇ ਸਵਾਲ ਉੱਠੇ, ਕਦੇ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਅਤੇ ਕਦੇ ਦਿਲਜੀਤ ਦੇ ਕੁਝ ਗੀਤਾਂ ਨੂੰ ਲੈ ਕੇ ਇਤਰਾਜ਼ ਜਤਾਇਆ ਗਿਆ। ਪਰ ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਦਿਲਜੀਤ ਨੇ ਆਪਣਾ ਸ਼ੋਅ ਕੀਤਾ।

ਸਟੇਜ 'ਤੇ ਪਹੁੰਚਦਿਆਂ ਹੀ ਦਿਲਜੀਤ ਨੇ ਸਭ ਤੋਂ ਪਹਿਲਾਂ ਦਰਸ਼ਕਾਂ ਨੂੰ 'ਜੈ ਸ਼੍ਰੀ ਮਹਾਕਾਲ' ਦਾ ਜੈਕਾਰਾ ਲਗਾਉਣ ਲਈ ਕਿਹਾ। ਇਸ ਤੋਂ ਬਾਅਦ ਉਨ੍ਹਾਂ ਨੇ ਵਿਰੋਧ ਕਰਨ ਵਾਲਿਆਂ ਨੂੰ ਜਵਾਬ ਦਿੰਦਿਆਂ ਕਿਹਾ ਕਿ ਇਹ ਮਹਾਕਾਲ ਦੀ ਧਰਤੀ ਹੈ ਅਤੇ ਇੱਥੇ ਆਉਣ ਤੋਂ ਸਾਨੂੰ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਵੀ ਨਹੀਂ ਡਰੇ ਸੀ ਅਤੇ ਅੱਜ ਵੀ ਨਹੀਂ ਡਰਦੇ। ਅੱਜ ਇੱਥੇ ਤੁਹਾਡੇ ਪਿਆਰ ਅਤੇ ਤਾਕਤ ਕਰਕੇ ਹੀ ਖੜ੍ਹੇ ਹਾਂ। ਦਿਲਜੀਤ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਇੰਦੌਰ ਆਉਣ ਤੋਂ ਰੋਕਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਜਦੋਂ ਉਹ ਕਿਸੇ ਨਾਲ ਆਉਣ ਦਾ ਵਾਅਦਾ ਕਰ ਲੈਂਦੇ ਹਨ ਤਾਂ ਪਿੱਛੇ ਨਹੀਂ ਹਟਦੇ।

ਹੁਣ ਤੁਹਾਨੂੰ ਦੱਸਦੇ ਹਾਂ ਕਿ ਆਖ਼ਰ ਇਸ ਕੰਸਰਟ ਨੂੰ ਲੈ ਕੇ ਇੰਨਾ ਵਿਵਾਦ ਕਿਉਂ ਹੋਇਆ?

ਦਰਅਸਲ, ਦਿਲਜੀਤ ਦੇ ਸ਼ੋਅ ਤੋਂ ਪਹਿਲਾਂ ਇੰਦੌਰ ਦੇ ਮੇਅਰ ਦਫ਼ਤਰ, ਤਿੰਨ ਬੈਂਕਾਂ ਅਤੇ ਤਿੰਨ ਨਿੱਜੀ ਸਕੂਲਾਂ ਨੂੰ ਬੰਬ ਧਮਾਕੇ ਕਰਨ ਦੀਆਂ ਧਮਕੀਆਂ ਵਾਲੀਆਂ ਈਮੇਲਾਂ ਭੇਜੀਆਂ ਗਈਆਂ ਸਨ। ਹਾਲਾਂਕਿ ਪੁਲਿਸ ਨੇ ਮੁੱਢਲੀ ਜਾਂਚ ਤੋਂ ਬਾਅਦ ਇਨ੍ਹਾਂ ਧਮਕੀਆਂ ਨੂੰ ਫਰਜ਼ੀ ਦੱਸਿਆ। ਦੂਜੇ ਪਾਸੇ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਦਿਲਜੀਤ ਦੇ ਚਾਰ ਗੀਤਾਂ 'ਤੇ ਇਤਰਾਜ਼ ਜਤਾਇਆ ਗਿਆ ਸੀ। ਇਸ ਤੋਂ ਬਾਅਦ ਪ੍ਰਸ਼ਾਸਨ ਨੇ ਕੰਸਰਟ ਦੌਰਾਨ 'ਪਟਿਆਲਾ ਪੈੱਗ', '5 ਤਾਰਾ', 'ਕੇਸ' ਅਤੇ 'ਜੱਟ ਉੱਠੇ ਫਾਇਰ ਕਰਦਾ' ਗੀਤ ਨਾ ਗਾਉਣ ਦੇ ਨਿਰਦੇਸ਼ ਦਿੱਤੇ। ਸ਼ੋਅ ਦੀ ਇਜਾਜ਼ਤ ਵੀ ਕੰਸਰਟ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲਾਂ ਹੀ ਮਿਲੀ। ਸੁਰੱਖਿਆ ਦੇ ਲਿਹਾਜ਼ ਨਾਲ ਵੀ ਪੁਖ਼ਤਾ ਇੰਤਜ਼ਾਮ ਕੀਤੇ ਗਏ। 300 ਤੋਂ ਵੱਧ ਪੁਲਿਸ ਮੁਲਾਜ਼ਮ ਅਤੇ 1000 ਤੋਂ ਵੱਧ ਵਲੰਟੀਅਰ ਤਾਇਨਾਤ ਕੀਤੇ ਗਏ। ਇਸ ਤੋਂ ਇਲਾਵਾ ਡਰੋਨ ਰਾਹੀਂ ਨਿਗਰਾਨੀ, ਬੈਗੇਜ ਸਕੈਨਰ, ਵਾਚ ਟਾਵਰ ਅਤੇ ਬੰਬ ਨਿਰੋਧਕ ਦਸਤੇ ਵੀ ਤਾਇਨਾਤ ਕੀਤੇ ਗਏ। ਦੱਸ ਦਈਏ ਕਿ ਇੰਦੌਰ ਤੋਂ ਪਹਿਲਾਂ ਦਿੱਲੀ 'ਚ ਵੀ ਦਿਲਜੀਤ ਦੇ ਕੰਸਰਟ ਨੂੰ ਲੈ ਕੇ ਇਜਾਜ਼ਤ ਦਾ ਮਾਮਲਾ ਗਰਮਾਇਆ ਸੀ। 30 ਅਕਤੂਬਰ ਨੂੰ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ 'ਚ ਹੋਣ ਵਾਲੇ ਸ਼ੋਅ ਨੂੰ ਸ਼ੁਰੂਆਤ 'ਚ ਸੁਰੱਖਿਆ ਕਾਰਨਾਂ ਕਰਕੇ ਇਜਾਜ਼ਤ ਨਹੀਂ ਮਿਲੀ ਸੀ। ਹਾਲਾਂਕਿ ਪ੍ਰਬੰਧਕਾਂ ਵੱਲੋਂ ਸੁਰੱਖਿਆ ਅਤੇ ਭੀੜ ਪ੍ਰਬੰਧਨ ਦੀ ਯੋਜਨਾ ਪੇਸ਼ ਕਰਨ ਤੋਂ ਬਾਅਦ ਇਜਾਜ਼ਤ ਮਿਲ ਗਈ। ਇਸ ਦੌਰਾਨ ਦਿਲਜੀਤ ਨੇ ਆਪਣੇ ਫੈਨਜ਼ ਨੂੰ ਭਰੋਸਾ ਦਿਵਾਇਆ ਕਿ ਉਹ 20 ਦਸੰਬਰ ਤੱਕ ਭਾਰਤ 'ਚ ਰਹਿਣਗੇ ਅਤੇ ਆਪਣੇ ਸਾਰੇ ਬਾਕੀ ਕੰਸਰਟ ਪੂਰੇ ਕਰਨਗੇ। ਫਿਲਹਾਲ ਇੰਦੌਰ ਦੇ ਸਟੇਜ ਤੋਂ ਦਿਲਜੀਤ ਦਾ ਇਹ ਬਿਆਨ ਸੋਸ਼ਲ ਮੀਡੀਆ 'ਤੇ ਖੂਬ ਚਰਚਾ ਬਟੋਰ ਰਿਹਾ ਹੈ। ਕੋਈ ਉਨ੍ਹਾਂ ਦੇ ਹੌਸਲੇ ਦੀ ਤਾਰੀਫ਼ ਕਰ ਰਿਹਾ ਹੈ, ਤਾਂ ਕੋਈ ਰਾਹਤ ਇੰਦੌਰੀ ਦੇ ਸ਼ੇਅਰ ਨੂੰ ਲੈ ਕੇ ਚਰਚਾ ਕਰ ਰਿਹਾ ਹੈ। ਪਰ ਇੱਕ ਗੱਲ ਸਾਫ਼ ਹੈ ਕਿ ਦਿਲਜੀਤ ਨੇ ਆਪਣੇ ਫੈਨਜ਼ ਨਾਲ ਕੀਤਾ ਵਾਅਦਾ ਨਿਭਾਇਆ ਹੈ। ਕੰਸਰਟ ਰੋਕਣ ਦੀਆਂ ਕੋਸ਼ਿਸ਼ਾਂ ਵਿਚਾਲੇ ਦਿਲਜੀਤ ਦਾ ਇਹ ਜਵਾਬ ਤੁਹਾਨੂੰ ਕਿਵੇਂ ਦਾ ਲੱਗਿਆ? ਆਪਣੀ ਰਾਏ ਕੁਮੈਂਟ ਕਰਕੇ ਜ਼ਰੂਰ ਦੱਸਿਓ।

ਪੰਜਾਬ ਨੂੰ ਮੁੜ ਮਜ਼ਬੂਤ ਬ੍ਰਾਂਡ ਬਣਾਵਾਂਗੇ, ਹੁਣ ਚੁੱਪ ਬੈਠਣ ਦਾ ਸਮਾਂ ਨਹੀਂ ਹੈ: ਪਰਗਟ ਸਿੰਘ



ਹੁਸ਼ਿਆਰਪੁਰ: ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ. ਪਰਗਟ ਸਿੰਘ ਨੇ ਹੁਸ਼ਿਆਰਪੁਰ ਵਿਖੇ ਪਾਰਟੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਬੇਹੱਦ ਚਿੰਤਾਜਨਕ ਹਨ ਅਤੇ ਹੁਣ ਚੁੱਪ ਬੈਠਣ ਦਾ ਸਮਾਂ ਨਹੀਂ ਹੈ। ਉਨ੍ਹਾਂ ਵਰਕਰਾਂ ਨੂੰ ਪੰਜਾਬ ਦੇ ਹੱਕਾਂ, ਸਨਮਾਨ ਅਤੇ ਭਵਿੱਖ ਦੀ ਲੜਾਈ ਇਕਜੁੱਟ ਹੋ ਕੇ ਲੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਟੀਚਾ ਪੰਜਾਬ ਨੂੰ ਮੁੜ ਦੇਸ਼ ਦਾ ਮਜ਼ਬੂਤ ਬ੍ਰਾਂਡ ਬਣਾਉਣਾ ਹੈ। ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਵਰਕਰਾਂ ਦੇ ਸਹਿਯੋਗ ਨਾਲ ਕਾਂਗਰਸ ਨਾ ਸਿਰਫ਼ ਸਰਕਾਰ ਬਣਾਏਗੀ, ਸਗੋਂ ਇਸ ਨੂੰ ਬਿਹਤਰ ਢੰਗ ਨਾਲ ਚਲਾਏਗੀ ਵੀ।

ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਪਰਗਟ ਸਿੰਘ ਨੇ ਕਿਹਾ ਕਿ ਪੀਲੀ ਪੱਗ ਬੰਨ੍ਹ ਲੈਣ ਨਾਲ ਕੋਈ ਭਗਤ ਸਿੰਘ ਨਹੀਂ ਬਣ ਜਾਂਦਾ। ਦਿੱਲੀ ਤੋਂ ਆਏ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਵਰਗੇ ਆਗੂਆਂ ਨੇ ਸਾਮ, ਦਾਮ, ਦੰਡ ਅਤੇ ਭੇਦ ਦੀ ਰਾਜਨੀਤੀ ਕਰਕੇ ਪੰਜਾਬ ਨੂੰ ਕਮਜ਼ੋਰ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਸ਼ੇ ਦੀ ਸਪਲਾਈ ਘਰ-ਘਰ ਤੱਕ ਪਹੁੰਚ ਰਹੀ ਹੈ, ਜਦਕਿ ਕੇਂਦਰ ਵਿੱਚ 13 ਸਾਲ ਸੱਤਾ ਵਿੱਚ ਰਹਿਣ ਦੇ ਬਾਵਜੂਦ ਭਾਜਪਾ ਨਸ਼ਾ ਖ਼ਤਮ ਨਹੀਂ ਕਰ ਸਕੀ ਅਤੇ ਹੁਣ ਦੋ ਸਾਲਾਂ ਵਿੱਚ ਇਸ ਨੂੰ ਖ਼ਤਮ ਕਰਨ ਦੇ ਦਾਅਵੇ ਕਰ ਰਹੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ 750 ਕਿਸਾਨਾਂ ਦੀ ਸ਼ਹਾਦਤ ਸਮੇਂ ਅਕਾਲੀ ਦਲ ਦੀ ਭੂਮਿਕਾ 'ਤੇ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਅਜੇ ਵੀ 25 ਤੋਂ 30 ਫ਼ੀਸਦੀ ਝੋਨਾ ਪਿਆ ਹੈ ਅਤੇ 180 ਲੱਖ ਮੀਟ੍ਰਿਕ ਟਨ ਖ਼ਰੀਦ ਦਾ ਟੀਚਾ ਪੂਰਾ ਨਹੀਂ ਹੋਇਆ। ਉਨ੍ਹਾਂ ਕਿਸਾਨਾਂ ਨਾਲ 3,500 ਕਰੋੜ ਰੁਪਏ ਦੀ ਠੱਗੀ ਹੋਣ ਦਾ ਦੋਸ਼ ਲਾਉਂਦਿਆਂ 'ਆਪ' ਅਤੇ ਭਾਜਪਾ ਦੀ ਮਿਲੀਭੁਗਤ ਦੀ ਗੱਲ ਕਹੀ।

ਸੂਬੇ ਦੀ ਕਾਨੂੰਨ ਵਿਵਸਥਾ 'ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਕਈ ਅਧਿਕਾਰੀ ਸੱਤਾਧਾਰੀ ਪਾਰਟੀ ਦੇ ਵਰਕਰਾਂ ਵਾਂਗ ਕੰਮ ਕਰ ਰਹੇ ਹਨ ਅਤੇ ਫਿਰੌਤੀ ਮੰਗਣ ਦੀਆਂ ਘਟਨਾਵਾਂ ਨੇ ਪੰਜਾਬ ਦੀ ਛਵੀ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਸਿਰ ਕਰੀਬ ਪੌਣੇ ਪੰਜ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਚੁੱਕਾ ਹੈ ਅਤੇ ਆਮ ਕਾਰੋਬਾਰੀ ਤੇ ਦੁਕਾਨਦਾਰ ਵੀ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਤ ਹਨ। ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇੱਕ ਪਾਸੇ ਉਦਯੋਗਾਂ ਨੂੰ ਹੁਨਰਮੰਦ ਕਾਮੇ ਨਹੀਂ ਮਿਲ ਰਹੇ, ਜਦਕਿ ਦੂਜੇ ਪਾਸੇ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਇਸ ਪਾੜੇ ਨੂੰ ਦੂਰ ਕਰਨ ਲਈ ਸਿੱਖਿਆ ਅਤੇ ਹੁਨਰ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ।

ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਬਾਰੇ ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀ ਦਾ ਹੰਕਾਰ ਪੰਜਾਬ ਅਤੇ ਕਾਂਗਰਸ ਦੇ ਹਿੱਤਾਂ ਤੋਂ ਵੱਡਾ ਨਹੀਂ ਹੋ ਸਕਦਾ। ਕਾਂਗਰਸ ਵਿੱਚ ਸਿਰਫ਼ ਸਾਫ਼ ਅਕਸ ਅਤੇ ਚੰਗੇ ਸਿਆਸੀ ਕਿਰਦਾਰ ਵਾਲੇ ਆਗੂਆਂ ਨੂੰ ਹੀ ਸ਼ਾਮਲ ਕੀਤਾ ਜਾਵੇਗਾ, ਜਿਸ ਲਈ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਹੁਸ਼ਿਆਰਪੁਰ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਟਿਕਟ ਲਈ ਕੋਈ ਵੀ ਅਪਲਾਈ ਕਰ ਸਕਦਾ ਹੈ, ਪਰ ਟਿਕਟ ਕਿਸੇ ਇੱਕ ਨੂੰ ਮਿਲਣ ਤੋਂ ਬਾਅਦ ਸਾਰਿਆਂ ਨੂੰ ਇਕਜੁੱਟ ਹੋ ਕੇ ਪਾਰਟੀ ਦੀ ਜਿੱਤ ਲਈ ਕੰਮ ਕਰਨਾ ਹੋਵੇਗਾ। ਉਨ੍ਹਾਂ ਦੋਆਬੇ ਦੀਆਂ ਸਾਰੀਆਂ 23 ਸੀਟਾਂ 'ਤੇ ਕਾਂਗਰਸ ਨੂੰ ਮਜ਼ਬੂਤ ਕਰਨ ਅਤੇ ਇੱਕ-ਇੱਕ ਵੋਟ ਲਈ ਮਿਹਨਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਘੱਟ ਰੈਲੀਆਂ ਕਰੇਗੀ, ਪਰ ਹਰ ਰੈਲੀ ਵਿੱਚ ਵਰਕਰਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ। ਜੋਸ਼ ਦੇ ਨਾਲ ਹੋਸ਼ ਰੱਖਦਿਆਂ ਸਾਰਿਆਂ ਨੂੰ ਮਿਲ ਕੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਉਣੀ ਹੈ ਅਤੇ ਸੂਬੇ ਨੂੰ ਵਿਕਾਸ, ਰੁਜ਼ਗਾਰ, ਸੁਰੱਖਿਆ ਅਤੇ ਖੁਸ਼ਹਾਲੀ ਦੇ ਰਾਹ 'ਤੇ ਵਾਪਸ ਲਿਆਉਣਾ ਹੈ।

ਇਸ ਮੌਕੇ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਆਉਣ ਵਾਲੇ ਸਮੇਂ ਦੀ ਰਣਨੀਤੀ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਦਿਲਜੀਤ ਸਿੰਘ ਗਿਲਜ਼ੀਆਂ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜ਼ੀਆਂ, ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਸਾਬਕਾ ਵਿਧਾਇਕ ਪਵਨ ਆਦੀਆ, ਸਾਬਕਾ ਵਿਧਾਇਕ ਇੰਦੂ ਬਾਲਾ, ਯਾਮਿਨੀ ਗੋਮਰ, ਮਿੱਕੀ ਡੋਗਰਾ, ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਅਮਰਪ੍ਰੀਤ ਸਿੰਘ ਲਾਲੀ, ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਰਣਜੀਤ ਕੁਮਾਰ ਕਿੱਟੀ ਅਤੇ ਬਲਤੇਜ ਸਿੰਘ ਪੰਨੂ ਸਮੇਤ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

ਫਾਜ਼ਿਲਕਾ 'ਚ ਪਿਕਅੱਪ ਤੇ ਕਰੂਜ਼ਰ ਗੱਡੀ ਵਿਚਾਲੇ ਹੋਈ ਟੱਕਰ

ਹਾਦਸੇ 'ਚ 5 ਲੋਕਾਂ ਦੀ ਮੌਤ, ਕਈ ਜ਼ਖਮੀ







ਫਾਜ਼ਿਲਕਾ-ਫਿਰੋਜ਼ਪੁਰ ਹਾਈਵੇ 'ਤੇ ਬੀਤੀ ਦੇਰ ਰਾਤ ਪਿੰਡ ਬਹਿਕ ਖਾਸ ਨੇੜੇ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਵਿਆਹ ਸਮਾਰੋਹ ਤੋਂ ਪਰਤ ਰਹੀ ਕਰੂਜ਼ਰ ਗੱਡੀ ਦੀ ਪਿਕਅੱਪ ਵਾਹਨ ਨਾਲ ਜ਼ੋਰਦਾਰ ਟੱਕਰ ਹੋ ਗਈ। ਇਸ ਹਾਦਸੇ ਵਿਚ 5 ਲੋਕਾਂ ਦੀ ਮੌਤ ਹੋ ਗਈ ਜਿਨ੍ਹਾਂ ਵਿਚ 3 ਬੱਚੇ ਵੀ ਸ਼ਾਮਲ ਹਨ ਜਦੋਂ ਕਿ 9 ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਹਾਦਸੇ ਮਗਰੋਂ ਘਟਨਾ ਵਾਲੀ ਥਾਂ 'ਤੇ ਚੀਕ ਚਿਹਾੜਾ ਮਚ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਰੂਜ਼ਰ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ।

ਮ੍ਰਿਤਕ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਜਲਾਲਾਬਾਦ ਦੇ ਪਿੰਡ ਟਿਵਾਣਾ ਦਾ ਰਹਿਣ ਵਾਲਾ ਹੈ। ਪਰਿਵਾਰ ਦੇ ਲਗਭਗ 13 ਮੈਂਬਰ ਕਰੂਜ਼ਰ ਗੱਡੀ ਵਿਚ ਸਵਾਰ ਹੋ ਕੇ ਫਾਜ਼ਿਲਕਾ ਦੇ ਪਿੰਡ ਕਰਨੀਖੇੜਾ ਵਿਚ ਆਪਣੇ ਚਾਚੇ ਦੇ ਮੁੰਡੇ ਦੇ ਵਿਆਹ ਵਿਚ ਸ਼ਾਮਲ ਹੋਣ ਗਏ ਸਨ। ਐਤਵਾਰ ਰਾਤ ਸਮਾਰੋਹ ਤੋਂ ਵਾਪਸ ਪਰਤਦੇ ਸਮੇਂ ਪਿੰਡ ਬਹਿਕ ਖਾਸ ਕੋਲ ਉਨ੍ਹਾਂ ਦੀ ਗੱਡੀ ਦੀ ਪਿਕਅੱਪ ਨਾਲ ਟੱਕਰ ਹੋ ਗਈ।

ਹਾਦਸਾ ਇੰਨਾ ਭਿਆਨਕ ਸੀ ਕਿ ਕਰੂਜ਼ਰ ਗੱਡੀ ਦਾ ਅਗਲਾ ਤੇ ਵਿਚ ਦਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਗੱਡੀ ਵਿਚ ਸਵਾਰ ਕਈ ਲੋਕ ਅੰਦਰ ਹੀ ਫਸ ਗਏ ਤੇ ਗੰਭੀਰ ਜ਼ਖਮੀ ਹੋ ਗਏ। ਹਾਦਸੇ ਦੇ ਤੁਰੰਤ ਬਾਅਦ ਆਸ-ਪਾਸ ਦੇ ਲੋਕ ਮਦਦ ਲਈ ਪਹੁੰਚੇ ਤੇ ਰਾਹਤ ਕੰਮ ਸ਼ੁਰੂ ਕੀਤਾ। ਹਾਦਸੇ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ 'ਤੇ ਪਹੁੰਚੀ।

ਟੀਮ ਨੇ ਜ਼ਖਮੀਆਂ ਨੂੰ ਤਤਕਾਲ ਸਰਕਾਰੀ ਹਸਪਤਾਲ ਪਹੁੰਚਾਇਆ ਤੇ ਹਾਈਵੇ 'ਤੇ ਆਵਾਜਾਈ ਨੂੰ ਬਹਾਲ ਕਰਵਾਇਆ। ਜ਼ਖਮੀਆਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ ਤੇ ਹਾਦਸੇ ਦੀ ਸੂਚਨਾ ਸਬੰਧਤ ਥਾਣੇ ਦੀ ਪੁਲਿਸ ਨੂੰ ਵੀ ਦੇ ਦਿੱਤੀ ਗਈ ਹੈ।

SGPC ਚੋਣਾਂ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਐਲਾਨ

20 ਨਵੰਬਰ ਨੂੰ ਦਿੱਲੀ 'ਚ ਹੋਵੇਗਾ ਰੋਸ ਪ੍ਰਦਰਸ਼ਨ



SGPC ਚੋਣਾਂ ਨੂੰ ਲੈ ਕੇ ਇੱਕ ਵਾਰ ਫਿਰ ਸਿੱਖ ਸਿਆਸਤ ਵਿੱਚ ਹਲਚਲ ਤੇਜ਼ ਹੋ ਗਈ ਹੈ। ਪਿਛਲੇ ਕਈ ਸਾਲਾਂ ਤੋਂ ਲਟਕ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਮੁੱਦਾ ਹੁਣ ਦਿੱਲੀ ਤੱਕ ਪਹੁੰਚਣ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਦੀ ਭੂਮਿਕਾ 'ਤੇ ਸਵਾਲ ਚੁੱਕਦਿਆਂ

ਪੰਜਾਬ ਸਟਾਰ PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

ਚਿੜੀ ਵਿਚਾਰੀ ਕੀ ਕਰੇ... !
ਉਡੀਕ ਕਰੇ ਜਾਂ ਡੁੱਬ ਮਰੇ... ?




ਬੁੱਧ ਸਿੰਘ ਨੀਲੋਂ
94643 70823

ਅਸਲ ਅਖਾਣ ਇਉਂ ਹੈ, "ਚਿੜੀ ਵਿਚਾਰੀ ਕੀ ਕਰੇ, ਠੰਡਾ ਪਾਣੀ ਪੀ ਮਰੇ !" ਭਲਾ ਇਹ ਚਿੜੀ ਹੀ ਕਿਉਂ ਮਰੇ ? ਉਹ ਬਾਜ਼ ਕਿਉਂ ਨਾ ਮਰਨ ਜਿਹੜੇ ਇਸ ਨੂੰ ਨੋਚ ਨੋਚ ਕੇ ਖਾ ਜਾਂਦੇ ਹਨ? ਪਰ ਅਸੀਂ ਚਾਹੁੰਦੇ ਹੋਏ ਵੀ ਇਸ ਧੱਕੇਸ਼ਾਹੀ ਖ਼ਿਲਾਫ਼ ਬੋਲਦੇ ਨਹੀਂ ਕਿਉਂਕਿ ਸਾਨੂੰ 'ਦੜ ਵੱਟ ਜ਼ਮਾਨਾ ਕੱਟ, ਦੀ ਗੁੜ੍ਹਤੀ ਪਿਆ ਕੇ ਚੁੱਪਚਾਪ ਮਰਨ ਤੇ ਹੱਸਕੇ ਜਰਨ ਦੀ ਆਦਤ ਪਾ ਦਿੱਤੀ ਗਈ ਹੈ। ਇੱਕ ਵਾਰ ਪੱਕ ਗਈ ਆਦਤ ਕਦੇ ਵੀ ਛੁੱਟਦੀ ਨਹੀਂ ਹੁੰਦੀ। ਜੇ ਇੰਞ ਹੋ ਗਿਆ ਤਾਂ ਵਾਰਸ ਸ਼ਾਹ ਝੂਠਾ ਨਾ ਪੈ ਜੂ।

"ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ !"

ਸਾਡੀ ਇਹ ਹਾਲਤ ਅਚਾਨਕ ਨਹੀਂ ਬਣੀ। ਇਸ ਵਿੱਚ ਹੋਰਨਾਂ ਨਾਲੋਂ ਬਹੁਤਾ ਕਸੂਰ ਸਾਡਾ ਆਪਣਾ ਹੀ ਹੈ ਕਿਉਂਕਿ ਅਸਾਂ ਕਿਸੇ ਸਮੱਸਿਆ ਨੂੰ ਸਾਹਮਣਿਓਂ ਟੱਕਰਨ ਲਈ ਗੁਰੂ ਨਾਨਕ ਪਾਤਸ਼ਾਹ ਜੀ ਦੇ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਵਾਲ਼ੇ ਫਾਰਮੂਲੇ ਤੇ ਅਮਲ ਕਰਨ ਦੀ ਬਜਾਏ "ਇਕ ਚੁੱਪ ਸੌ ਸੁਖ" ਵਾਲ਼ੀ ਸੋਚ ਉਤੇ ਨਿੱਠ ਕੇ ਪਹਿਰਾ ਦਿੱਤਾ ਹੈ। ਪਰ ਇਹ ਚੁੱਪ ਦਾ ਪਹਿਰਾ ਦੇਣਾ ਹੀ ਸਾਡੇ ਲਈ ਕਹਿਰ ਬਣ ਗਿਆ। ਕਹਿਰ ਦਾ ਜ਼ਹਿਰ ਸਾਡੇ ਰਿਸ਼ਤਿਆਂ ਤੱਕ ਪੁਜ ਗਿਆ । ਦੇਸ਼ ਅਤੇ ਸਮਾਜ ਅੰਦਰ ਜਿਸ ਤਰ੍ਹਾਂ ਦੇ ਹਾਲਾਤ ਅੱਜ ਬਣਾਏ ਜਾ ਰਹੇ ਹਨ, ਉਹਨਾਂ ਕਾਰਨ ਹਰੇਕ ਬੰਦੇ ਦਾ ਦਮ ਘੁਟ ਰਿਹਾ ਹੈ। ਜਿਸ ਕੋਲ ਤਾਕਤ ਅਤੇ ਵਸੀਲੇ ਹਨ, ਉਹ ਤਾਂ ਜੋੜ ਤੋੜ ਨਾਲ਼ ਵਿਦੇਸ਼ ਵੱਲ ਉਡਾਰੀ ਮਾਰ ਰਹੇ ਹਨ । ਜਿਹਨਾਂ ਕੋਲ ਸਾਧਨ ਨਹੀਂ ਹਨ, ਉਹ ਕਚੀਚੀਆਂ ਵੱਟ ਰਹੇ ਹਨ । ਅਸੀਂ ਅਕਸਰ ਇਹ ਕਹਿ ਕੇ ਚੁੱਪ ਕਰ ਜਾਂਦੇ ਹਾਂ, "ਜਿੱਥੇ ਦਾਣਾ ਉੱਥੇ ਜਾਣਾ" ਜਾਂ ਇਹ ਗਾਉਣ ਲੱਗਦੇ ਹਾਂ, "ਦਾਣਾ ਪਾਣੀ ਖਿੱਚ ਕੇ ਲਿਆਉਂਦਾ ਕੌਣ ਕਿਸੇ ਦਾ ਖਾਂਦਾ ਹੋ।" ਕੀ ਇਹ ਗੱਲਾਂ ਸੱਚ ਹਨ ? ਕੀ ਵਲਾਇਤ ਪਰਵਾਸ ਕਰਨਾ ਜਰੂਰੀ ਹੈ ਜਾਂ ਸਾਡੀ ਮਜਬੂਰੀ ? ਜਾਂ ਇਸਦੇ ਪਿੱਛੇ ਕੋਈ ਸਾਜਿਸ਼ ਹੈ ? ਪੰਜਾਬੀਆਂ ਨੂੰ ਡਰਾ ਕੇ ਪੰਜਾਬ ਦੇ ਵਿੱਚੋਂ ਭਜਾਉਣ ਦੀ ? ਪੰਜਾਬ ਤੋਂ ਕਿਉਂ ਡਰਦਾ ਹੈ, ਕੇਂਦਰ ਦਾ ਹਾਕਮ ? ਪੰਜਾਬੀ ਕਿਉਂ ਭੁੱਲ ਗਏ ਹਨ ਆਪਣਾ ਖਾੜਕੂ ਸੁਭਾਅ ? ਪੰਜਾਬੀਆਂ ਦੀ ਕਿਉਂ ਹੋ ਨਸਲਕੁਸ਼ੀ ? ਪੰਜਾਬੀਓ ਸੋਚੋ ਤੇ ਵਿਚਾਰੋ ? ਫੋਕੇ ਨਾ ਲਲਕਾਰੇ ਮਾਰੋ ! ਡੋਲੇ ਫਰਕਾਇਆ ਤੇ ਮੁੱਛਾਂ ਨੂੰ ਤਾਅ ਦੇ ਕੇ ਕੀ ਸੋਚਦੇ ਹੋ ? ਜਿਹਨਾਂ ਕੋਲ ਪੂੰਜੀ ਜੋੜਨ ਦੀ ਤਾਕਤ ਜਾਂ ਲਿਆਕਤ ਨਹੀਂ, ਉਹ ਇਸ ਦਮ-ਘੋਟੂ ਮਾਹੌਲ ਵਿਚ ਛਟਪਟਾ ਰਹੇ ਹਨ ਤੇ ਕਈ ਤਿਲ-ਤਿਲ ਕਰਕੇ ਮਰ ਵੀ ਰਹੇ ਹਨ... ਸਲੋਅ ਡੈੱਥ... ਜਿਹੜਾ ਕੋਈ ਇਸ ਦਮ-ਘੋਟੂ ਮਾਹੌਲ ਵਿੱਚੋਂ ਬਾਹਰ ਝਾਕਣ ਦੀ ਕੋਸ਼ਿਸ਼ ਕਰਦਾ ਹੈ, ਉਸ ਦਾ ਸਿਰ ਫੇਹ ਦਿੱਤਾ ਜਾਂਦਾ ਹੈ। ਆਮ ਲੋਕ ਤਾਂ ਡਰਦੇ ਬੋਲਦੇ ਹੀ ਨਹੀਂ, ਉਹਨਾਂ ਨੂੰ ਪੁਜਾਰੀਵਾਦ ਨੇ ਨਰਕ ਸਵਰਗ ਦਾ ਡਰ ਪਾਇਆ ਹੋਇਆ ਹੈ... ਪੁਜਾਰੀ ਆਖਦੇ ਹਨ... "ਮਰਨਾ ਸੱਚ ਤੇ ਜਿਉਣਾ ਝੂਠ" ਹੈ ਪਰ ਹਕੀਕੀ ਤੌਰ ਤੇ ਇਹ ਦੋਵੇਂ ਸੱਚ ਹਨ... ਜਿਉਣਾ ਵੀ ਤੇ ਮਰਨਾ ਵੀ... ਕੋਈ ਵੀ ਸੱਚ ਪੂਰਾ ਨੀ ਹੁੰਦਾ... ਸ਼ੁਧ ਸੋਨੇ ਦਾ ਗਹਿਣਾ ਨਹੀਂ ਬਣਾਇਆ ਜਾ ਸਕਦਾ... ਪਰ ਇਨਸਾਨਾਂ ਦੀ ਇਸ ਧਰਤੀ ਨਾਲ਼ੋਂ ਵੱਡਾ ਸਵਰਗ ਹੋਰ ਕਿਤੇ ਨਹੀਂ ਹੈ, ਪਰ ਮਨੁੱਖ ਦੀ ਪਦਾਰਥਵਾਦੀ ਹਵਸ ਨੇ ਇਸਨੂੰ ਨਰਕ ਵਿੱਚ ਤਬਦੀਲ ਕਰ ਦਿੱਤਾ ਹੈ... ਦੁਨੀਆਂ ਭਰ ਦਾ ਪੁਜਾਰੀ ਲਾਣਾ ਹਰ ਰੋਜ਼ ਸਵਰਗ ਜਾਣ ਦੇ ਰਸਤੇ ਤਾਂ ਦੱਸ ਰਿਹਾ ਹੈ ਪਰ ਮਨੁੱਖੀ ਜੀਵਨ ਨੂੰ ਨਰਕ ਕਿਹੜੀਆਂ ਤਾਕਤਾਂ ਨੇ ਬਣਾਇਆ ਹੈ, ਉਸ ਬਾਰੇ ਚੁੱਪ ਹੈ। ਕਰਮਕਾਂਡੀ ਧਰਮ ਬੇਈਮਾਨ ਸੱਤਾ ਦੀ ਤਾਕਤ ਦੇ ਬਣਾਏ ਉਹ ਜ਼ਹਿਰ ਹਨ... ਜੋ ਮਨੁੱਖੀ ਨਸਲ ਨੂੰ ਬਚਪਨ ਤੋਂ ਹੀ ਤੁਪਕਾ ਤੁਪਕਾ ਕਰਕੇ ਪਿਲਾਏ ਜਾਂਦੇ ਹਨ। ਜਿਹੜੇ ਦਲਾਲਨੁਮਾ ਲੋਕ ਕੁਝ ਬੋਲਦੇ ਵੀ ਹਨ, ਉਹ 'ਏਕੋ ਸਤਿਨਾਮੁ' ਵਰਗੀ 'ਪਰਮ ਸੱਤਾ' ਦੀ ਬਜਾਏ 'ਦੁਨਿਆਵੀ ਸੱਤਾ' ਦੇ ਸੋਹਿਲੇ ਗਾ ਰਹੇ ਹਨ। ਜਸ਼ਨ ਮਨਾ ਰਹੇ ਹਨ। ਢੋਲੇ ਦੀਆਂ ਲਾ ਰਹੇ ਹਨ। ਕਿਹੋ ਜਿਹੇ ਮਾੜੇ ਸਮੇਂ ਆ ਗਏ ਹਨ ! ਸਮਾਜ ਦੇ ਹਰ ਤਬਕੇ ਵਿੱਚ 'ਗੜਵਈਆਂ' ਤੇ 'ਝੋਲੀ-ਚੁੱਕ' ਚਾਕਰਾਂ ਦੀ ਫ਼ੌਜ ਵਿੱਚ ਵਾਧਾ ਹੋ ਰਿਹਾ ਹੈ। ਸਿਹਰੇ ਪੜ੍ਹਨ ਤੇ ਲਿਖਣ ਵਾਲ਼ਿਆਂ ਵੱਲ ਲੋਕਾਈ ਇਉਂ ਝਾਕਦੀ ਹੈ ਜਿਵੇਂ ਬੋਕ ਤੁੱਕਿਆਂ ਵੱਲ ਝਾਕਦਾ ਹੁੰਦਾ ਹੈ। ਲੋਕਾਂ ਨੂੰ ਲੁੱਟਣ ਤੇ ਕੁੱਟਣ ਦੀਆਂ ਨਿੱਤ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਲੋਕਾਂ ਨੂੰ ਅਗਲੇ ਜਨਮ ਦੇ ਰਸਤੇ ਦਿਖਾਉਣ ਤੇ ਸਮਝਾਉਣ ਲਈ 'ਆਸਥਾ' ਦਾ ਉੱਚਾ ਢੋਲ ਵਜਾਇਆ ਜਾ ਰਿਹਾ ਹੈ। ਸਵਰਗ-ਨਰਕ ਦੀਆਂ ਗੱਪ ਕਥਾਵਾਂ ਰਾਹੀਂ ਡਰੇ ਹੋਇਆਂ ਨੂੰ ਹੋਰ ਡਰਾਇਆ ਜਾ ਰਿਹਾ ਹੈ। ਮਨੁੱਖ ਨੇ ਇਸ ਧਰਤੀ ਤੇ ਸੁੱਖੀਂ ਸਾਂਦੀਂ ਕਿਵੇਂ ਜਿਉਣਾ ਹੈ, ਇਸ ਬਾਰੇ ਨਹੀਂ ਸਗੋਂ ਮਨਘੜਤ 'ਸਵਰਗ' ਵਿੱਚ ਆਪ ਕਿਵੇਂ ਜਾਣਾ ਹੈ ਜਾਂ ਪਹਿਲਾਂ ਮੋਏ ਸਕੇ ਸੰਬੰਧੀਆਂ ਨੂੰ ਕਿਵੇਂ ਭੇਜਣਾ ਹੈ, ਇਸ ਦੇ 'ਗੁਰ' ਸਿਖਾਏ ਜਾ ਰਹੇ ਹਨ। ਘਰਾਂ ਦੇ ਅੰਦਰ ਤੇ ਬਾਹਰ 'ਸਵਰਗ' ਦੇ ਦਲਾਲਾਂ ਨੇ ਆਪਣੀਆਂ 'ਮੰਜੀਆਂ' ਟਿਕਾਈਆਂ ਹੋਈਆਂ ਨੇ, ਜਿਹੜੇ ਚੌਵੀ ਘੰਟੇ ਸਵਰਗ 'ਚ ਜਾਣ ਦੇ ਰਸਤਿਆਂ ਦਾ ਵਿਖਿਆਨ ਕਰਦੇ ਹਨ। 'ਮੌਤ' ਦਾ ਡਰ ਲੋਕਾਂ ਦੇ ਮਨਾਂ ਵਿੱਚ ਭਰਿਆ ਜਾ ਰਿਹਾ ਹੈ। ਪਰ 'ਮੌਤ' ਤੋਂ ਕਿਵੇਂ ਬਚਣਾ ਹੈ ਜਾਂ ਅਣਖ ਦੀ ਮੌਤ ਕਿਵੇਂ ਮਰਨਾ ਹੈ, ਇਸ ਦੀ ਕਿਸੇ ਵੀ ਗਪੌੜ ਸੰਖ 'ਗੁਰੂ' ਕੋਲ 'ਗਿੱਦੜ-ਸਿੰਗੀ' ਨਹੀਂ। ਇਸ ਲਈ ਹੀ ਅਸੀਂ ਜ਼ਿੰਦਗੀ ਭਰ ਨਰਕ ਹੰਢਾਉਂਦੇ ਹਾਂ। ਨਿੱਤ ਮੌਤ ਦੇ ਖੂਹ ਵਿੱਚ ਅੰਨ੍ਹੇਵਾਹ ਦੌੜ ਲਗਾਉਂਦੇ ਹਾਂ। ਸਾਡੀ ਇਹ ਆਦਤ ਵੀ ਹੁਣ ਪੱਕ ਚੁੱਕੀ ਹੈ ਜੋ ਨਿੱਤ ਦਿਨ ਮੌਤ ਨਾਲ਼ ਸਾਡਾ ਸਾਹਮਣਾ ਕਰਵਾਉਂਦੀ ਹੈ ਪਰ ਅਣਿਆਈ ਮੌਤ ਤੋਂ ਬਚਣ ਦਾ ਕੋਈ ਰਾਹ ਨਹੀਂ ਦੱਸਦੀ। ਸੱਤਾ ਦੇ ਭਾਈਵਾਲ਼ ਪੁਜਾਰੀਵਾਦ ਨੇ ਲੋਕਾਂ ਦੇ ਜ਼ਿੰਦਗੀ ਜਿਊਣ ਦੇ ਅਰਥ ਹੀ ਬਦਲ ਦਿੱਤੇ ਹਨ। ਇਸੇ ਕਰਕੇ ਸਾਡੀ ਜ਼ਿੰਦਗੀ ਨੂੰ ਨਰਕ ਬਣਾਉਣ ਵਾਲ਼ੇ ਅਜੋਕੇ ਰਾਖਸ਼ਸਾਂ ਦੇ ਬੂਹਿਆਂ 'ਤੇ ਧਰਨੇ ਦੇਣ ਦੀ ਬਜਾਏ, ਅਸੀਂ ਤੀਰਥਾਂ ਦਾ ਭਰਮਣ ਕਰਨ ਲਈ ਵਹੀਰਾਂ ਘੱਤੀ ਜਾ ਰਹੇ ਹਾਂ। ਸਾਡਾ ਹਾਲ ਅੱਜ ਵੀ ਪੰਜ ਸਦੀਆਂ ਪਹਿਲਾਂ ਵਰਗਾ ਹੀ ਹੈ:

ਮਃ 1 ॥ ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥2॥ (ਪੰਨਾ 789)



ਸਾਡਾ ਜਿਊਣਾ ਦੁੱਭਰ ਕਰਨ ਵਾਲ਼ਿਆਂ ਦੀ ਸੰਘੀ ਘੁੱਟਣ ਦੀ ਬਜਾਏ ਅਸੀਂ ਉਹਨਾਂ 'ਸੰਘੀਆਂ' ਦੇ ਸੰਗੀ ਸਾਥੀ ਬਣ ਕੇ ਉੱਚੀ ਉੱਚੀ 'ਜੈਕਾਰੇ' ਲਾਉਣ ਦੇ ਆਦੀ ਹੋ ਗਏ ਹਾਂ ਜਿਹਨਾਂ ਦਾ ਇਹ ਸਾਰਾ ਪਖੰਡ ਰਚਾਇਆ ਹੋਇਆ ਹੈ। ਪੁਜਾਰੀ ਅੱਗੇ ਗੋਡੇ ਟੇਕਣ ਵਾਲ਼ੀ ਸਾਡੀ ਇਹ ਆਦਤ ਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਹੈ। ਅਸਾਂ ਬਾਬਾ ਨਾਨਕ ਦੀ ਉਮਰ ਭਰ ਦੀ ਮਿਹਨਤ ਤੇ ਵੀ ਪਾਣੀ ਫੇਰ ਛੱਡਿਆ ਹੈ। ਉਹਨਾਂ ਦੇ ਵਿਰੋਧੀਆਂ ਦੇ ਚੁੱਕੇ ਚੁਕਾਏ ਜਿਹੜੇ ਲੋਕਾਂ ਦੇ ਪੈਰਾਂ ਹੇਠ ਬਟੇਰਾ ਆ ਗਿਆ ਹੈ, ਉਹ ਦੂਜਿਆਂ ਨੂੰ ਨਸੀਹਤਾਂ ਦੇਣ ਲਈ ਲੋਕਤੰਤਰ ਦੀਆਂ ਚੋਰ ਮੋਰੀਆਂ ਰਾਹੀਂ ਆਪ 'ਪੁਜਾਰੀ ਤੇ ਵਪਾਰੀ' ਬਣ ਗਏ ਹਨ।

ਇਹ ਸ਼ਬਦਾਂ ਦੇ 'ਪੁਜਾਰੀ ਤੇ ਵਪਾਰੀ' 'ਸੱਤਾ' ਦੇ ਇਮਾਨਦਾਰ ਸੇਵਕ' ਹਨ। ਜਿਹੜੇ ਸਰਕਾਰ ਦੀ 'ਕੀਤੀ ਸੇਵਾ' ਨੂੰ ਹੁਣ 'ਲੋਕ ਸੇਵਾ' ਵਿੱਚ ਤਬਦੀਲ ਕਰਨ ਲਈ ਕਦੇ ਚੂਹਿਆਂ ਵਾਂਗੂੰ ਘਾਹ ਕੁਤਰਨ ਲੱਗਦੇ ਹਨ, ਕਦੇ ਲਲਾਰੀ ਦੀ ਦੁਕਾਨ ਵਿੱਚੋਂ ਰੰਗ ਚੁਰਾ ਕੇ 'ਸ਼ੇਰ' ਬਣ ਰਹੇ ਹਨ। ਸਰਕਾਰ ਕਿਸੇ ਵੀ ਵਿਚਾਰਧਾਰਾ ਵਾਲ਼ੀ ਹੋਵੇ, ਪੁਜਾਰੀ ਉਸ ਵਿੱਚ ਆਪਣਾ ਕਰੂਰਾ ਜ਼ਰੂਰ ਰਲ਼ਾ ਲੈਂਦਾ ਹੈ। ਇਸੇ ਕਰਕੇ ਡਰਦਾ ਮਾਰਾ ਬੰਦਾ ਉਨ੍ਹਾਂ ਦੀ ਝਿੜਕ ਦਾ ਬੁਰਾ ਵੀ ਨਹੀਂ ਮਨਾਉਂਦਾ। ਅੰਗਰੇਜ਼ਾਂ ਦੇ ਮਾਫੀ ਦੇ ਸਰਟੀਫਿਕੇਟ ਵਾਲ਼ੇ ਲੋਕ ਜਦੋਂ ਕੁਰਸੀਆਂ ਉਤੇ ਬਿਰਾਜਮਾਨ ਹਨ ਤਾਂ ਇਨ੍ਹਾਂ ਨੇ ਕਿਸੇ ਨੂੰ ਵੀ ਆਪਣੇ ਲਵੇ ਨਾ ਲੱਗਣ ਦਿੱਤਾ ਤੇ ਨਾ ਕਿਸੇ ਨੂੰ 'ਕਿਰਤ ਦੇ ਲੜ' ਲਾਇਆ, ਸਗੋਂ ਮਿਹਨਤ ਦੀ ਰੋਟੀ ਖਾਂਦਿਆਂ ਦੇ ਮੂੰਹਾਂ ਵਿੱਚੋਂ ਬੁਰਕੀਆਂ ਹੀ ਖੋਹਦੇ ਰਹੇ ਹਨ। ਖੋਹ ਕੇ ਖਾਣ ਦੀ ਆਦਤ ਨੇ ਇਨ੍ਹਾਂ ਨੂੰ 'ਸੱਤਾ' ਦੇ ਆੜ੍ਹਤੀਏ ਬਣਾ ਦਿੱਤਾ ਹੈ। ਇਨ੍ਹਾਂ ਆੜ੍ਹਤੀਆਂ ਨੂੰ ਨਾ ਤਾਂ ਉਤਪਾਦਕਾਂ ਦਾ ਤੇ ਨਾ ਹੀ ਖਪਤਕਾਰਾਂ ਦਾ ਕੋਈ ਫ਼ਿਕਰ ਹੁੰਦਾ ਹੈ। ਇਹ ਤਾਂ ਦੋਵੇਂ ਹੱਥੀਂ ਲੁੱਟਦੇ ਹਨ ਤੇ ਆਪਣੇ ਹੱਥ ਰੰਗਦੇ ਹਨ। ਸੱਤਾ ਦੇ ਦਲਾਲਾਂ ਨੇ ਸਾਨੂੰ ਕਿਰਤੀ ਤੋਂ ਭਿਖਾਰੀ ਬਣਾ ਕੇ ਰੱਖ ਦਿੱਤਾ ਹੈ। ਅਸੀਂ ਮੁਫ਼ਤ ਆਟਾ-ਦਾਲ਼ ਵੰਡਦੀਆਂ ਦੁਕਾਨਾਂ ਦੀਆਂ ਲਾਈਨਾਂ ਵਿੱਚ ਮੂਹਰੇ ਲੱਗਣ ਲਈ ਇੱਕ ਦੂਜੇ ਦੇ ਪੈਰ ਮਿੱਧਦੇ ਹਾਂ। ਅਸੀਂ ਭਿਖਾਰੀ ਬਣਨ ਦੇ ਲਈ ਤਾਂ ਜੰਗ ਲੜਦੇ ਹਾਂ ਪਰ ਕਿਰਤ ਮੰਗਣ ਲਈ ਚੁੱਪ ਹਾਂ। ਸੱਤਾ ਦੇ ਵਪਾਰੀ, ਅਧਿਕਾਰੀ, ਪੁਜਾਰੀ ਤੇ ਲਿਖਾਰੀ ਰਲ਼ ਮਿਲ਼ ਕੇ ਸਾਨੂੰ ਦੰਦ-ਹੀਣ ਕਰ ਰਹੇ ਹਨ। ਅਸੀਂ ਮਿੱਟੀ ਖਾਣੇ ਸੱਪ ਬਣੇ ਸੱਤਾ ਦੀ ਬੀਨ ਅੱਗੇ ਭੁੱਖੇ ਢਿੱਡ ਤਾਂਡਵ ਨਾਚ ਕਰ ਰਹੇ ਹਾਂ। ਜਿਹੜੇ ਸੱਤਾ ਦੇ ਦਲਾਲ ਸਾਰੀ ਉਮਰ ਭ੍ਰਿਸ਼ਟ ਰਹੇ ਹਨ, ਉਹ ਹੁਣ ਦੂਜਿਆਂ ਨੂੰ ਆਪਣੇ ਹੱਥ ਪਾਕ ਸਾਫ਼ ਰੱਖਣ ਲਈ 'ਹੁਕਮਨਾਮਾ' ਜਾਰੀ ਕਰਦੇ ਹਨ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ 'ਹੁਕਮ' ਤਾਂ ਬਹੁਤ ਦੇਰ ਪਹਿਲਾਂ ਹੀ ਹੋ ਗਿਆ ਸੀ, "ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨ ਕੋਇ ॥" ਜਦੋਂ ਸਾਡੀ ਧਰਤੀ ਹੋਂਦ ਵਿੱਚ ਆਈ ਤਾਂ ਕਰੋੜਾਂ ਸਾਲਾਂ ਬਾਅਦ ਇੱਥੇ ਜੀਵਨ ਦੀ ਰੌਅ ਰੁਮਕਣ ਲੱਗੀ। ਕਰੋੜਾਂ ਸਾਲਾਂ ਤੱਕ ਵਿਕਾਸ ਦਾ ਪਹੀਆ ਘੁੰਮਦਾ ਰਿਹਾ ਤਾਂ ਜਾਕੇ ਕਿਤੇ ਮਨੁੱਖ ਦਾ ਜਨਮ ਹੋਇਆ। ਇਸ ਵਿਕਾਸ ਨੂੰ ਵਿਨਾਸ਼ ਦੇ ਰਸਤੇ ਤੇ ਤੋਰਨ ਲਈ ਸ਼ੈਤਾਨ ਦਿਮਾਗ ਲੋਕਾਂ ਨੇ ਧਰਮ, ਜਾਤ ਅਤੇ ਫਿਰਕੇ ਬਣਾ ਲਏ। ਪ੍ਰਚਾਰ ਲਈ ਪੁਜਾਰੀ, ਗ੍ਰੰਥੀ, ਉਸਤਾਦ ਗੁਰੂ ਤੇ ਆਸ਼ਰਮ ਖੋਲ੍ਹ ਲਏ। ਇਨ੍ਹਾਂ ਆਸ਼ਰਮਾਂ ਵਿੱਚ ਮਨੁੱਖ ਨੂੰ ਚੰਗਾ ਇਨਸਾਨ ਬਣਨ ਦਾ ਨਹੀਂ ਸਗੋ ਡਰ ਦਾ ਪਾਠ ਪੜ੍ਹਾਇਆ ਜਾਣ ਲੱਗ ਪਿਆ ਜੋ ਅੱਜ ਵੀ ਡੰਕੇ ਦੀ ਚੋਟ ਤੇ ਪੜ੍ਹਾਇਆ ਜਾ ਰਿਹਾ ਹੈ । ਕੀ ਗਰੀਬ ਤੇ ਕੀ ਅਮੀਰ, ਕੀ ਅਨਪੜ੍ਹ ਤੇ ਕੀ ਪੜ੍ਹੇ ਲਿਖੇ, ਸਭ ਨੂੰ ਇਕਵੱਢਿਓਂ ਅਗਲੇ ਪਿਛਲੇ ਜਨਮਾਂ ਦੇ ਚੱਕਰ ਵਿੱਚ ਉਲਝਾ ਲਿਆ ਗਿਆ ਹੈ। ਕਰਮਕਾਂਡੀ ਧਰਮਾਂ ਦੇ ਪੁਜਾਰੀਆਂ ਨੇ ਮੂਲ ਨਿਵਾਸੀ, ਸਿੱਧੇ ਸਾਦੇ ਲੋਕਾਂ ਨੂੰ ਏਨਾ ਕੁੱਟਿਆ, ਏਨਾ ਲਤਾੜਿਆ ਕਿ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਮਨਾਂ ਅੰਦਰ ਵੀ ਨਰਕ-ਸਵਰਗ' ਦਾ ਡਰ ਪੱਕਾ 'ਘਰ' ਬਣਾਕੇ ਬੈਠ ਗਿਆ। ਜਿਹੜੀ ਵਸਤੂ 'ਘਰ' ਵਿੱਚ ਤਬਦੀਲ ਹੋ ਜਾਵੇ, ਉਸ ਤੋਂ ਖਹਿੜਾ ਛੁਡਾਉਣਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਹਰ ਮਨੁੱਖ ਆਪਣੇ ਘਰ ਦੇ ਨਾਲ਼ ਧੁਰ ਅੰਦਰੋਂ ਜੁੜਿਆ ਹੁੰਦਾ ਹੈ। ਜੁੜੇ ਹੋਏ ਨੂੰ ਤੋੜਨਾ ਬਹੁਤ ਔਖਾ ਹੈ। ਅਸੀਂ 'ਡਰ' ਦੀ ਜ਼ਿੰਦਗੀ ਜਿਊਣ ਲਈ ਜੁੱਗਾਂ ਜੁਗਾਂਤਰਾਂ ਤੋਂ ਇਸਦੇ ਆਦੀ ਬਣੇ ਹੋਏ ਹਾਂ। ਅਸੀਂ ਉਸ 'ਜੁਗਾਂਤਰਾਂ' ਦੇ ਸਫ਼ਰ ਨੂੰ ਹੀ ਨਹੀਂ ਭੁੱਲੇ ਸਗੋਂ ਪੰਜਾਬ ਦੇ ਜੁਗ ਪਲਟਾਊ ਗਦਰੀ ਬਾਬਿਆਂ ਨੂੰ ਵੀ ਭੁੱਲ ਗਏ ਹਾਂ, ਜਿਨ੍ਹਾਂ ਨੇ ਸਾਡੀ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ 'ਗਦਰ' ਲਹਿਰ ਦੀ ਨੀਂਹ ਰੱਖੀ ਸੀ। ਉਹਨਾਂ ਸੂਰਮਿਆਂ ਨੇ ਦੇਸ਼ਵਾਸੀਆਂ ਨੂੰ ਇਸ ਵਿੱਚ ਸ਼ਾਮਲ ਹੋਣ ਲਈ ਲਲਕਾਰਿਆ, ਪਰ ਓਹਨਾਂ ਅੱਗਿਓਂ ਚੁੱਪ ਦਾ ਰਾਗ ਛੇੜ ਲਿਆ ਤੇ ਫਿਰ ਸਭ ਕੁਝ ਭੁੱਲ ਭੁਲਾ ਗਏ । ਇਸੇ ਕਰਕੇ ਅਸੀਂ ਹਰ ਪਲ ਡਰਨ ਤੇ ਮਰਨ ਦੀ ਜੂਨ ਭੋਗ ਰਹੇ ਹਾਂ। ਅਸੀਂ ਜੰਗਲ਼ ਵਿੱਚ ਲੱਗੀ ਅੱਗ ਨੂੰ ਚੁੰਝ ਭਰ ਪਾਣੀ ਨਾਲ਼ ਬੁਝਾਉਣ ਵਾਲ਼ੀ ਮਿਹਨਤਕਸ਼ 'ਚਿੜੀ' ਦੇ ਸਾਥੀ ਤਾਂ ਨਾ ਬਣੇ, ਸਗੋਂ ਮਰ ਗਿਆਂ ਦੀਆਂ 'ਫਿਲਮਾਂ' ਬਣਾ ਬਣਾ ਕੇ ਸੋਸ਼ਲ ਮੀਡੀਏ 'ਤੇ ਪਾਉਣ ਵਾਲੇ ਤਮਾਸ਼ਬੀਨ ਬਣ ਗਏ ਹਾਂ। ਹੁਣ ਅਸੀਂ ਬਾਜਾਂ, ਬਘਿਆੜਾਂ, ਗਿੱਦੜਾਂ, ਲੱਕੜਬੱਗਿਆਂ ਤੇ ਕੁੱਤਿਆਂ ਦੇ ਸਾਥੀ ਬਣ ਗਏ ਹਾਂ। ਇਸੇ ਕਰਕੇ ਹੁਣ ਅਸੀਂ ਇਹ ਕਹਿਣ ਜੋਗੇ

CM ਦੇ OSD ਘੁੰਮਣ ਖ਼ਿਲਾਫ਼ ਇੱਕ ਹੋਰ FIR ਦਰਜ

ਭ੍ਰਿਸ਼ਟਾਚਾਰ ਮਾਮਲੇ 'ਚ CBI ਦੀ ਕਾਰਵਾਈ



ਮੁੱਖ ਮੰਤਰੀ ਦੇ ਓਐਸਡੀ ਰਾਜਬੀਰ ਘੁੰਮਣ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸੀਬੀਆਈ ਨੇ ਰਾਜਬੀਰ ਘੁੰਮਣ ਅਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਇੱਕ ਹੋਰ ਐਫਆਈਆਰ ਦਰਜ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਵਿੱਚ ਇਹ ਤੀਜੀ ਐਫਆਈਆਰ ਦਰਜ ਹੈ। ਇਸ ਤੋਂ ਪਹਿਲਾਂ ਸੀਬੀਆਈ ਅਤੇ ਈਡੀ ਨੇ ਵੀ ਇਸ ਮਾਮਲੇ ਵਿੱਚ ਕਾਰਵਾਈ ਕੀਤੀ ਹੈ। ਰਿਪੋਰਟਾਂ ਮੁਤਾਬਕ ਸੀਬੀਆਈ ਦੇ ਦਿੱਲੀ ਹੈੱਡਕੁਆਰਟਰ ਵਿਖੇ ਇੱਕ ਨਵੀਂ ਐਫਆਈਆਰ ਦਰਜ ਕੀਤੀ ਗਈ ਹੈ। ਜਾਂਚ ਏਜੰਸੀ ਨੇ ਆਪਣੀ ਜਾਂਚ ਤੇਜ਼ ਕਰ ਦਿੱਤੀ ਹੈ ਅਤੇ ਮੋਹਾਲੀ ਦੇ ਜ਼ਿਲ੍ਹਾ ਮੈਜਿਸਟਰੇਟ ਤੋਂ ਹਥਿਆਰਾਂ ਨਾਲ ਸਬੰਧਤ ਰਿਕਾਰਡ ਮੰਗੇ ਹਨ। ਇਸ ਨੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਿਖੇ ਜਾਰੀ ਕੀਤੀਆਂ ਗਈਆਂ ਪਰਚੀਆਂ ਅਤੇ ਵਿੱਤੀ ਲੈਣ-ਦੇਣ ਨਾਲ ਸਬੰਧਤ ਦਸਤਾਵੇਜ਼ ਵੀ ਤਲਬ ਕੀਤੇ ਹਨ। ਮਾਮਲੇ ਵਿਚ ਸਰਕਾਰੀ ਕੰਮ ਵਿੱਚ ਕਥਿਤ ਭ੍ਰਿਸ਼ਟਾਚਾਰ ਅਤੇ ਸਰਕਾਰੀ ਪ੍ਰਭਾਵ ਦੀ ਦੁਰਵਰਤੋਂ ਲਈ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸੀਬੀਆਈ ਪਹਿਲਾਂ ਹੀ ਚਾਰ ਵਾਰ ਰਾਜਬੀਰ ਘੁੰਮਣ ਤੋਂ ਪੁੱਛਗਿੱਛ ਕਰ ਚੁੱਕੀ ਹੈ। ਨਵੀਂ ਐਫਆਈਆਰ ਦਰਜ ਹੋਣ ਤੋਂ ਬਾਅਦ ਰਾਜਬੀਰ ਘੁੰਮਣ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਦਰਪੇਸ਼ ਮੁਸ਼ਕਲਾਂ ਵੱਧ ਸਕਦੀਆਂ ਹਨ। ਇਸ ਫੈਲੇ ਸੀਬੀਆਈ ਦਸਤਾਵੇਜ਼ਾਂ ਅਤੇ ਵਿੱਤੀ ਰਿਕਾਰਡਾਂ ਦੀ ਜਾਂਚ ਕਰਕੇ ਪੂਰੇ ਮਾਮਲੇ ਦੀਆਂ ਕੜੀਆਂ ਜੋੜਨ ਵਿਚ ਲੱਗੀ ਹੋਈ ਹੈ।

ਤਰਨਤਾਰਨ ਦੇ ਕਸਬਾ ਨੌਸ਼ਹਿਰਾ ਪੰਨੂਆਂ ਨੇੜੇ 2 ਬੱਸਾਂ ਦੀ ਹੋਈ ਟੱਕਰ, ਹਾਦਸੇ 'ਚ 4 ਲੋਕਾਂ ਦੀ ਮੌਤ, ਕਈ ਫਟੜ



ਤਰਨਤਾਰਨ ਦੇ ਕਸਬਾ ਨੌਸ਼ਹਿਰਾ ਪੰਨੂਆਂ ਨੇੜੇ ਭਿਆਨਕ ਹਾਦਸਾ ਵਾਪਰਿਆ ਹੈ। 2 ਬੱਸਾਂ ਦੀ ਆਹਮੋ-ਸਾਹਮਣੇ ਜ਼ੋਰਦਾਰ ਟੱਕਰ ਹੋਈ ਹੈ ਤੇ ਹਾਦਸੇ 'ਚ ਕਰੀਬ 4 ਲੋਕਾਂ ਦੀ ਮੌਤ ਹੋਈ ਦੱਸੀ ਜਾ ਰਹੀ ਹੈ। ਦਰਜਨ ਤੋਂ ਵੱਧ ਸਵਾਰੀਆਂ ਇਸ ਹਾਦਸੇ ਵਿਚ ਜ਼ਖਮੀ ਹੋਈਆਂ ਹਨ ਤੇ ਜ਼ਖਮੀ ਲੋਕਾਂ ਨੂੰ ਇਲਾਜ ਲਈ ਵੱਖ-ਵੱਖ ਹਸਪਤਾਲ ਪਹੁੰਚਾਇਆ ਗਿਆ ਹੈ। ਟੱਕਰ ਇੰਨੀ ਤੇਜ਼ ਸੀ ਕਿ ਦੋਵੇਂ ਬੱਸਾਂ ਦੇ ਅਗਲੇ ਹਿੱਸੇ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਬੱਸਾਂ ਵਿਚ ਬੈਠੇ ਯਾਤਰੀਆਂ ਨੂੰ ਸੱਟਾਂ ਲੱਗੀਆਂ ਹਨ। ਹਾਦਸੇ ਮਗਰੋਂ ਮੌਕੇ 'ਤੇ ਚੀਕ ਚਿਹਾੜਾ ਮਚ ਗਿਆ। ਸਥਾਨਕ ਲੋਕ ਤੁਰੰਤ ਮਦਦ ਲਈ ਪਹੁੰਚੇ ਤੇ ਬੱਸਾਂ ਵਿਚ ਫਸੇ ਯਾਤਰੀਆਂ ਨੂੰ ਬਾਹਰ ਕੱਢਣ ਵਿਚ ਲੱਗ ਗਏ। ਫਿਲਹਾਲ ਹਾਦਸਾ ਕਿਵੇਂ ਵਾਪਰਿਆ ਇਸ ਬਾਰੇ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ।

ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ ਦੀਵਾਲੀ ਦਾ ਤਿਓਹਾਰ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ



ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 15 ਨਵੰਬਰ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ ਦੀਵਾਲੀ ਦਾ ਤਿਓਹਾਰ ਅਤੇ ਗਾਲਾ ਡਿਨਰ ਪੂਰੇ ਉਤਸ਼ਾਹ ਨਾਲ ਆਯੋਜਿਤ ਕੀਤੇ ਗਏ। ਕਲੱਬ ਦੇ ਮੈਂਬਰਾਂ ਅਤੇ ਕਮਿਊਨਿਟੀ ਦੇ ਲੀਡਰਾਂ ਵੱਲੋਂ ਇਸ ਵਿੱਚ ਭਰਪੂਰ ਸ਼ਮੂਲੀਅਤ ਕੀਤੀ ਗਈ। ਪਾਲ ਪਲੈਜ਼ੀ ਕਮਿਊਮਿਟੀ ਸੈਂਟਰ ਵਿੱਚ ਇਸ ਮੌਕੇ ਕਰਵਾਏ ਗਏ ਸਮਾਗ਼ਮ ਵਿੱਚ ਗੀਤ-ਸੰਗੀਤ, ਨਾਚ ਅਤੇ ਬਾਲੀਵੁਡ ਗਾਣਿਆਂ ਉੱਪਰ ਨੱਚਣ ਦੀ ਭਰਮਾਰ ਰਹੀ। ਰੰਗ-ਬਰੰਗੀਆਂ ਪੁਸ਼ਾਕਾਂ ਵਿੱਚ ਸਜੇ ਹੋਏ ਮੈਂਬਰਾਂ ਤੇ ਕਲਾਕਾਰਾਂ ਨੇ ਮਨੋਰੰਜਨ ਦੀਆਂ ਇਨ੍ਹਾਂ ਆਈਟਮਾਂ ਵਿੱਚ ਵੱਡੀ ਗਿਣਤੀ ਵਿੱਚ ਭਾਗ ਲਿਆ। ਦੀਵਿਆਂ ਦੇ ਤਿਓਹਾਰ 'ਦੀਵਾਲੀ' ਦੇ ਇਸ ਸਮਾਗ਼ਮ ਦੀ ਸ਼ੁਰੂਆਤ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਆਏ ਮੈਂਬਰਾਂ ਤੇ ਮਹਿਮਾਨਾਂ ਨੂੰ ਜੀ-ਆਇਆਂ ਕਹਿਣ ਨਾਲ ਹੋਈ। ਇਸ ਮੌਕੇ ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਮੈਂਬਰ ਸਾਡੇ ਅਸਲੀ 'ਸਟਾਰ' ਹਨ। ਉਨ੍ਹਾਂ ਵੱਲੋਂ ਵਿਖਾਇਆ ਜਾਂਦਾ ਜੋਸ਼ ਤੇ ਉਤਸ਼ਾਹ ਇਸ ਕਲੱਬ ਲਈ ਵੱਖ-ਵੱਖ ਤਿਓਹਾਰ ਮਨਾਉਣ ਲਈ ਕਲੱਬ ਦੇ ਪ੍ਰਬੰਧਕਾਂ ਨੂੰ ਅਥਾਹ ਊਰਜਾ ਬਖ਼ਸ਼ਦਾ ਹੈ ਅਤੇ ਅਸੀਂ ਸਾਰੇ ਮਿਲ ਕੇ ਇਨ੍ਹਾਂ ਤਿਓਹਾਰਾਂ ਨਾਲ ਜ਼ਿੰਦਗੀ ਦੇ ਜਸ਼ਨ ਮਨਾਉਂਦੇ ਹਾਂ। ਦੀਵਾਲੀ ਦੇ ਇਸ ਜਸ਼ਨ ਦੇ ਮੁੱਖ-ਮਹਿਮਾਨ ਬਰੈਂਪਟਨ ਸੈਂਟਰ ਤੋਂ ਮੈਂਬਰ ਪਾਰਲੀਮੈਂਟ ਅਮਨਦੀਪ ਸੋਢੀ ਸਨ ਜਿਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਸਮੂਹ ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਨੂੰ ਦੀਵਾਲੀ ਦੀ ਮੁਬਾਰਕਬਾਦ ਦਿੰਦਿਆਂ ਹੋਇਆ ਕਿਹਾ, "ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਸੀਨੀਅਰਾਂ ਦੀ ਤੰਦਰੁਸਤੀ ਅਤੇ ਖ਼ੁਸ਼ੀ ਲਈ ਬਹੁਤ ਵਧੀਆ ਕੰਮ ਕਰ ਰਹੀ ਹੈ ਅਤੇ ਵੱਖ-ਵੱਖ ਸਮੇਂ ਤਿਓਹਾਰ ਮਨਾ ਕੇ ਇਸ ਖ਼ੁਸ਼ੀ ਵਿੱਚ ਹੋਰ ਵੀ ਵਾਧਾ ਕਰਦੀ ਹੈ।"

ਵਿਸ਼ੇਸ਼ ਹਹਿਮਾਨ ਵੱਲੋਂ ਸ਼ਿਰਕਤ ਕਰ ਰਹੀ ਰੀਜਨਲ ਕੌਂਸਲਰ ਰਵੀਨਾ ਸੈਂਤੋਸ ਨੇ ਇਸ ਮੌਕੇ ਬੋਲਦਿਆਂ ਕਿਹਾ, "ਇਹ ਕਲੱਬ ਸੀਨੀਅਰਾਂ ਦੇ ਮਨੋਰੰਜਨ ਅਤੇ ਉਨ੍ਹਾਂ ਦੇ ਸਕਾਰਾਤਮਿਕ ਰੁਝੇਵਿਆਂ ਲਈ ਬੜਾ ਵਧੀਆ ਕਮਮ ਕਰ ਰਹੀ ਹੈ। ਕਲੱਬ ਦੇ ਮੈਂਬਰ ਮਿਲ ਕੇ ਸਾਰੇ ਤਿਓਹਾਰ ਬੜੇ ਚਾਵਾਂ ਨਾਲ ਮਨਾਉਂਦੇ ਹਨ।" ਰੀਜਨਲ ਕੌਂਸਲਰ ਪਾਲ ਵਿਸੰਤੇ ਜੋ ਨਿੱਜੀ ਰੁਝੇਵਿਆਂ ਕਾਰਨ ਇਸ ਸਮਾਗ਼ਮ ਵਿੱਚ ਸ਼ਾਮਲ ਨਾ ਹੋ ਸਕੇ, ਨੇ ਭੇਜੇ ਗਏ ਆਪਣੇ ਸੁਨੇਹੇ ਰਾਹੀਂ ਕਲੱਬ ਮੈਂਬਰਾਂ ਨਾਲ ਦੀਵਾਲੀ ਦੀ ਵਧਾਈ ਸਾਂਝੀ ਕੀਤੀ। ਸਮਾਗ਼ਮ ਰਚਾਉਣ ਦੀ ਮਾਹਿਰ ਜਿਓਤੀ ਡਾਡਲੀਆ ਨੇ ਇਸ ਮੌਕੇ ਬੋਲਦਿਆਂ ਕਿਹਾ, "ਅੱਜ ਦਾ ਇਹ ਸਮਾਗ਼ਮ ਸਾਡੇ ਕਲੱਬ ਮੈਂਬਰਾਂ ਦਾ ਹੈ, ਜਿਨ੍ਹਾਂ ਨੇ ਆਪਣੇ ਟੇਲੈਂਟ ਨਾਲ ਇਸ ਵਿੱਚ ਬਾਲੀਵੁਡ ਸੰਗੀਤ ਨੂੰ ਪੇਸ਼ ਕਰਕੇ ਇਸ ਨੂੰ ਮਨੋਰੰਜਕ ਤੇ ਅਨੰਦਮਈ ਬਣਾਇਆ ਹੈ।" ਇਸ ਸਮਾਗ਼ਮ ਦੀ ਇੱਕ ਹੋਰ ਖ਼ਾਸੀਅਤ 'ਸੰਗੀਤਕ-ਯੋਗਾ' ਸੀ, ਜਿਸ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੀ ਯੋਗਾ ਡਾਇਰੈਕਟਰ ਅਨੂਜਾ ਕਾਬਲੀ ਵੱਲੋਂ ਕਲੱਬ ਦੇ ਮੈਂਬਰਾਂ ਦੇ ਸਹਿਯੋਗ ਸਦਕਾ ਬਾਲੀਵੁੱਡ ਗਾਣਿਆਂ ਦੇ ਨਾਲ ਬਾਖ਼ੂਬੀ ਪੇਸ਼ ਕੀਤਾ। ਇਸਦੇ ਨਾਲ ਹੀ ਮੈਂਬਰਾਂ ਵੱਲੋਂ ਪੰਜਾਬੀ ਗਿੱਧਾ ਅਤੇ ਭੰਗੜਾ ਵੀ ਪੇਸ਼ ਕੀਤਾ ਗਿਆ। ਸਮਾਗ਼ਮ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਵਰਿੰਦਰ ਲਾਂਬਾ ਨੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਹੋਇਆਂ ਕਿਹਾ ਕਿ ਇਸ ਵਿੱਚ ਬਾਲੀਵੁਡ ਗੀਤਾਂ ਉੱਪਰ ਨਾਚ ਦਾ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਸਨੈਕਸ ਅਤੇ ਖਾਣੇ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਆਈਟਮਾਂ ਨੇ ਇਸ ਨੂੰ ਹੋਰ ਵੀ ਸੁਆਦਲਾ ਤੇ ਮਜ਼ੇਦਾਰ ਬਣਾ ਦਿੱਤਾ। ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਵੱਲੋਂ ਕਲੱਬ ਦੇ ਮੈਂਬਰਾਂ, ਮਹਿਮਾਨਾਂ, ਕਲਾਕਾਰਾਂ ਤੇ ਪ੍ਰਬੰਧਾਂ ਦਾ ਧੰਨਵਾਦ ਹਾਰਦਿਕ ਕੀਤਾ ਗਿਆ। ਅਖ਼ੀਰ 'ਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਹੋਇਆਂ ਕਲੱਬ ਦੀਆਂ ਸਰਗ਼ਰਮੀਆਂ ਇੰਜ ਹੀ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਗਈ।

ਮਿਉਂਸਿਪਲ ਚੋਣਾਂ ਸਿਆਸੀ ਧਿਰਾਂ ਲਈ ਸੈਮੀਫਾਈਨਲ



ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਨਗਰ ਨਿਗਮ ਪਟਿਆਲਾ ਅਤੇ ਨਗਰ ਕੌਂਸਲ ਬਾਘਾਪੁਰਾਣਾ ਤੇ ਧਰਮਕੋਟ ਵਿੱਚ ਕੁੱਲ 52 ਵਾਰਡਾਂ ਵਿੱਚ ਮੁੜ ਹੋ ਰਹੀਆਂ ਚੋਣਾਂ ਸਿਆਸੀ ਧਿਰਾਂ ਲਈ ਸੈਮੀਫਾਈਨਲ ਸਾਬਤ ਹੋਣਗੀਆਂ। ਇਨ੍ਹਾਂ ਚੋਣਾਂ ਲਈ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਤਿਆਰੀ ਤੇਜ਼ ਕਰ ਦਿੱਤੀ ਹੈ। ਚੋਣਾਂ ਦੌਰਾਨ ਸੱਤਾਧਾਰੀ ਧਿਰ 'ਆਪ' ਵੱਲੋਂ ਸਾਢੇ ਚਾਰ ਸਾਲਾਂ ਵਿੱਚ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਲੋਕਾਂ ਤੋਂ ਮਿਲ ਜਾਵੇਗਾ। ਜਦੋਂ ਕਿ ਦੂਜੇ ਪਾਸੇ ਵਿਰੋਧੀ ਧਿਰਾਂ ਨੂੰ ਵੀ ਸੱਤਾਧਾਰੀ ਧਿਰ 'ਆਪ' ਨੂੰ ਘੇਰਨ ਦਾ ਮੌਕਾ ਮਿਲੇਗਾ। ਨਗਰ ਨਿਗਮ ਪਟਿਆਲਾ ਦੇ 60 ਵਿੱਚੋਂ 30 ਵਾਰਡਾਂ ਵਿੱਚ ਹੋ ਰਹੀ ਹੋਣ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਦੇ ਕਈ ਸੂਬਾਈ ਆਗੂਆਂ ਦੀ ਸਾਖ ਦਾਅ 'ਤੇ ਲੱਗੀ ਹੋਈ ਹੈ। ਪਟਿਆਲਾ ਦੇ ਵਾਰਡ ਨੰਬਰ 38 ਤੋਂ ਪੀ ਆਰ ਟੀ ਸੀ ਪੰਜਾਬ ਦੇ ਚੇਅਰਮੈਨ ਹਰਪਾਲ ਜੁਨੇਜਾ ਜੇਤੂ ਰਹੇ ਸਨ। ਇਸੇ ਤਰ੍ਹਾਂ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਦੇ ਵਾਰਡ ਨੰਬਰ 28 ਅਤੇ ਡਿਪਟੀ ਮੇਅਰ ਜਗਦੀਪ ਜੱਗਾ ਦੇ ਵਾਰਡ ਵਿੱਚ ਵੀ ਮੁੜ ਤੋਂ ਚੋਣ ਹੋ ਰਹੀ ਹੈ। ਇਸੇ ਤਰ੍ਹਾਂ ਯੋਜਨਾ ਬੋਰਡ ਦੇ ਚੇਅਰਮੈਨ ਤੇਜਿੰਦਰ ਮਹਿਤਾ ਦੇ ਵਾਰਡ ਨੰਬਰ 34 ਵਿੱਚ ਮੁੜ ਤੋਂ ਵੋਟਿੰਗ ਹੋ ਰਹੀ ਹੈ। ਦੂਜੇ ਪਾਸੇ ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਅਨੁਜ ਖੋਸਲਾ ਦੇ ਵਾਰਡ 40, ਸ਼ਹਿਰੀ ਪ੍ਰਧਾਨ ਵਿਜੈ ਕੁਮਾਰ ਦੇ ਵਾਰਡ 50, ਜਨਰਲ ਸਕੱਤਰ ਵਰੁਣ ਜਿੰਦਲ ਦੇ ਵਾਰਡ ਨੰਬਰ 46 ਅਤੇ ਹੋਰ ਕਈ ਸੀਨੀਅਰ ਆਗੂਆਂ ਦੇ ਵਾਰਡਾਂ ਵਿੱਚ ਮੁੜ ਤੋਂ ਚੋਣ ਹੋ ਰਹੀ ਹੈ। ਜ਼ਿਕਰਯੋਗ ਹੈ ਕਿ 'ਆਪ' ਵੱਲੋਂ ਆਪਣੇ ਸਾਢੇ ਚਾਰ ਸਾਲਾਂ ਵਿੱਚ ਇਤਿਹਾਸਕ ਕੰਮ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਭਾਜਪਾ ਵੱਲੋਂ ਕੇਂਦਰ ਵਿੱਚ ਲੋਕ ਹਿੱਤ ਵਿੱਚ ਕੰਮ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਇਹ ਚੋਣਾਂ ਸਿਆਸੀ ਪਾਰਟੀਆਂ ਨੂੰ ਉਨ੍ਹਾਂ ਦੇ ਕੰਮਾਂ ਦਾ ਸ਼ੀਸ਼ਾ ਵਿਖਾਉਣ ਦਾ ਕੰਮ ਕਰਨਗੀਆਂ। ਨਗਰ ਨਿਗਮ ਪਟਿਆਲਾ ਦੇ 30, ਨਗਰ ਕੌਂਸਲ ਬਾਘਾ ਪੁਰਾਣਾ ਦੇ 15 ਅਤੇ ਧਰਮਕੋਟ ਦੇ 7 ਵਾਰਡਾਂ ਲਈ ਵੋਟਿੰਗ 28 ਨਵੰਬਰ ਨੂੰ ਹੋਵੇਗੀ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸੀਟਾਂ ਦੀ ਵੰਡ ਬਾਰੇ ਗੱਲਬਾਤ ਜਾਰੀ: ਸੂਤਰ



ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ। ਸ਼ਨਿੱਚਰਵਾਰ ਨੂੰ ਸੂਤਰਾਂ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਗਿਆ ਹੈ। ਦੋਵਾਂ ਪਾਰਟੀਆਂ ਦੇ ਮੁੜ ਤੋਂ ਹੱਥ ਮਿਲਾਉਣ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ।

ਦੋਵਾਂ ਪਾਰਟੀਆਂ ਦੇ ਸੂਤਰਾਂ ਅਨੁਸਾਰ ਸੀਟਾਂ ਤੈਅ ਹੋਣ ਤੋਂ ਬਾਅਦ ਇਸ ਮਹੀਨੇ ਗਠਜੋੜ ਦਾ ਰਸਮੀ ਐਲਾਨ ਹੋਣ ਦੀ ਸੰਭਾਵਨਾ ਹੈ। ਇਸ ਦੌਰਾਨ ਇੱਕ ਹੋਰ ਅਹਿਮ ਘਟਨਾਕ੍ਰਮ ਵਿੱਚ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਪੰਜਾਬ ਚੋਣਾਂ ਲਈ ਭਾਜਪਾ ਦੇ ਇੰਚਾਰਜ ਸੀ ਆਰ ਪਾਟਿਲ 17 ਨਵੰਬਰ ਨੂੰ ਪੰਜਾਬ ਦੇ ਦੌਰੇ 'ਤੇ ਆ ਰਹੇ ਹਨ। ਸੂਤਰਾਂ ਮੁਤਾਬਕ ਉਹ ਚੰਡੀਗੜ੍ਹ ਵਿੱਚ ਸੂਬਾ ਭਾਜਪਾ ਆਗੂਆਂ ਨਾਲ ਮੀਟਿੰਗ ਕਰਨਗੇ। ਉਨ੍ਹਾਂ ਦੇ ਇਸ ਦੌਰੇ ਨੂੰ ਸਾਬਕਾ ਭਾਈਵਾਲਾਂ ਵਿਚਾਲੇ ਮੁੜ ਗਠਜੋੜ ਦੀਆਂ ਚਰਚਾਵਾਂ ਦੇ ਮੱਦੇਨਜ਼ਰ ਅਹਿਮ ਮੰਨਿਆ ਜਾ ਰਿਹਾ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਪਿਛਲੇ ਦਿਨਾਂ ਵਿੱਚ ਦਿੱਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਾਲ ਨਸ਼ਿਆਂ ਸਮੇਤ ਸੂਬੇ ਦੇ ਕਈ ਹੋਰ ਮੁੱਦਿਆਂ 'ਤੇ ਚਰਚਾ ਕੀਤੀ। ਸ਼ਨਿੱਚਰਵਾਰ ਨੂੰ ਪੰਜਾਬ ਦੇ ਸੀਨੀਅਰ ਭਾਜਪਾ ਆਗੂ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਗਠਜੋੜ ਬਾਰੇ ਕੋਈ ਵੀ ਫੈਸਲਾ ਪਾਰਟੀ ਹਾਈਕਮਾਂਡ ਲਵੇਗੀ। ਉਨ੍ਹਾਂ ਕਿਹਾ ਕਿ ਆਮ ਲੋਕਾਂ ਅਤੇ ਦੂਜੀਆਂ ਪਾਰਟੀਆਂ ਤੋਂ ਆਏ ਕੁਝ ਭਾਜਪਾ ਆਗੂਆਂ ਦਾ ਮੰਨਣਾ ਹੈ ਕਿ ਗਠਜੋੜ ਹੋਣ ਨਾਲ ਚੋਣਾਂ ਜਿੱਤੀਆਂ ਜਾ ਸਕਦੀਆਂ ਹਨ। ਪਰ ਗਰੇਵਾਲ ਨੇ ਦੱਸਿਆ, "ਪਿਛਲੇ 40-50 ਸਾਲਾਂ ਤੋਂ ਕੰਮ ਕਰ ਰਹੇ ਭਾਜਪਾ ਦੀ ਕੋਰ ਟੀਮ ਦੇ ਵਰਕਰ ਗਠਜੋੜ ਦੇ ਹੱਕ ਵਿੱਚ ਨਹੀਂ ਹਨ।"

ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਇਹ ਦੋਵੇਂ ਵਿਚਾਰ ਚੱਲ ਰਹੇ ਹਨ, ਪਰ ਉਨ੍ਹਾਂ ਦਾ ਮੰਨਣਾ ਹੈ ਕਿ "ਸਰਕਾਰਾਂ ਤਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪੰਜਾਬ ਵਿੱਚ ਰਾਸ਼ਟਰਵਾਦ ਦੀ ਵਿਚਾਰਧਾਰਾ ਜ਼ਰੂਰ ਕਾਇਮ ਰਹਿਣੀ ਚਾਹੀਦੀ ਹੈ।" ਪਿਛਲੇ ਮਹੀਨੇ ਦਿੱਲੀ ਅਤੇ 1 ਨਵੰਬਰ ਨੂੰ ਚੰਡੀਗੜ੍ਹ ਫੇਰੀ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ 2027 ਵਿੱਚ ਪੰਜਾਬ ਵਿੱਚ ਐੱਨ ਡੀ ਏ ਦੀ ਸਰਕਾਰ ਬਣਨ ਦੀ ਭਵਿੱਖਬਾਣੀ ਕੀਤੀ ਸੀ। ਉਨ੍ਹਾਂ ਦੇ ਇਸ ਬਿਆਨ ਨੇ ਅਕਾਲੀ-ਭਾਜਪਾ ਗਠਜੋੜ ਦੀਆਂ ਚਰਚਾਵਾਂ ਨੂੰ ਹੋਰ ਹਵਾ ਦਿੱਤੀ ਸੀ। 2 ਨਵੰਬਰ ਨੂੰ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਗਠਜੋੜ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਸੰਜਮ ਵਰਤਦਿਆਂ ਕਿਹਾ ਸੀ, "ਕੁਝ ਦਿਨਾਂ ਵਿੱਚ ਪਤਾ ਲੱਗ ਜਾਵੇਗਾ ਕਿ ਕੀ ਹੁੰਦਾ ਹੈ।" ਉਨ੍ਹਾਂ ਸਪਸ਼ਟ ਕੀਤਾ ਸੀ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਨੂੰ ਛੱਡ ਕੇ

ਪੰਜਾਬ ਸਟਾਰ PUNJABSTAR.COM www.punjabstar.com

ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗ਼ਮ 'ਚ ਮਲੂਕ ਸਿੰਘ ਕਾਹਲੋਂ ਦੀ ਪੁਸਤਕ 'ਸੁਭਿ ਅਮਲਾ ਬਾਝਹੁ' ਲੋਕ-ਅਰਪਿਤ ਤੇ ਵਿਚਾਰ-ਚਰਚਾ ਕਵੀ-ਦਰਬਾਰ ਵੀ ਹੋਇਆ



ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗ਼ਮ 'ਚ ਮਲੂਕ ਸਿੰਘ ਕਾਹਲੋਂ ਦੀ ਪੁਸਤਕ 'ਸੁਭਿ ਅਮਲਾ ਬਾਝਹੁ' ਲੋਕ-ਅਰਪਿਤ ਕੀਤੀ ਗਈ। ਮਲਵਿੰਦਰ ਸ਼ਾਇਰ ਨੇ ਇਸ ਉੱਪਰ ਆਪਣਾ ਪਰਚਾ ਪੜ੍ਹਿਆ ਅਤੇ ਫਿਰ ਕੁਝ ਬੁਲਾਰਿਆਂ ਵੱਲੋਂ ਇਸ ਪੁਸਤਕ ਦੇ ਵੱਖ-ਵੱਖ ਪਹਿਲੂਆਂ ਉੱਪਰ ਚਰਚਾ ਕੀਤੀ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ, ਉੱਘੇ ਵਿਦਵਾਨ ਪ੍ਰੋ. ਅਤੇ ਸਿੰਘ, ਪੁਸਤਕ ਉੱਪਰ ਪੇਪਰ ਪੇਸ਼ ਕਰਨ ਵਾਲੇ ਵਿਦਵਾਨ ਮਲਵਿੰਦਰ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਪੁਸਤਕ ਲੇਖਕ ਮਲੂਕ ਸਿੰਘ ਕਾਹਲੋਂ ਅਤੇ ਸਭਾ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਸੁਖਚਰਨਜੀਤ ਕੌਰ ਗਿੱਲ ਸ਼ਾਮਲ ਸਨ।

ਸਮਾਗਮ ਦੇ ਆਰੰਭ ਵਿੱਚ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮਾਗ਼ਮ ਵਿੱਚ ਆਏ ਮੈਂਬਰਾਂ ਤੇ ਮਹਿਮਾਨਾਂ ਨੂੰ 'ਜੀ ਆਇਆਂ' ਕਹਿਣ ਤੋਂ ਬਾਅਦ ਮੰਚ-ਸੰਚਾਲਕ ਰਾਜ ਕੁਮਾਰ ਓਜ਼ੋਰਾਜ ਵੱਲੋਂ ਮਲਵਿੰਦਰ ਨੂੰ ਪੁਸਤਕ ਉੱਪਰ ਆਪਣਾ ਪੇਪਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ, ਜਿਨ੍ਹਾਂ ਨੇ ਆਪਣੀ ਗੱਲ ਪ੍ਰੋ. ਮੋਹਨ ਸਿੰਘ ਦੀ ਰੱਬ ਬਾਰੇ ਚਰਚਿਤ ਕਵਿਤਾ 'ਰੱਬ ਇੱਕ ਗੁੰਝਲਦਾਰ ਬੁਝਾਰਤ' ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਕਵੀ ਵੀ 'ਗੁੰਝਲਦਾਰ ਬੁਝਾਰਤ' ਹੀ ਹੁੰਦੇ ਹਨ ਜੋ ਆਪਣੀਆਂ ਕਵਿਤਾਵਾਂ ਵਿੱਚ ਵੱਖ-ਵੱਖ ਸਮਾਜਿਕ ਤੇ ਰਾਜਨੀਤਕ ਮਸਲਿਆਂ ਉੱਪਰ ਆਪਣੀ ਕਲਮ ਚਲਾਉਂਦੇ ਹਨ। ਮਲੂਕ ਸਿੰਘ ਕਾਹਲੋਂ ਦੀ ਪੁਸਤਕ 'ਸੁਭਿ ਅਮਲਾ ਬਾਝਹੁ' ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿੱਚ ਲੇਖਕ ਵੱਲੋਂ ਪੰਜਾਬੀ ਮਾਂ-ਬੋਲੀ, ਪੰਜਾਬੀ ਵਿਰਸੇ, ਮਿਹਨਤਕਸ਼ ਮਜ਼ਦੂਰਾਂ ਤੇ ਕਿਸਾਨਾਂ, ਆਮ ਲੋਕਾਂ, ਰਾਜਨੀਤੀਵਾਨਾਂ, ਕਾਰਪੋਰੇਟਰਾਂ, ਗੁਰਬਾਣੀ ਦੀਆਂ ਸਿੱਖਿਆਵਾਂ, ਸ਼ਬਦ ਦੀ ਮਹਾਨਤਾ, ਕਹਿਣੀ ਤੇ ਕਰਨੀ ਵਰਗੇ ਮਹੱਤਵਪੂਰਨ ਵਿਸ਼ੇ ਲਏ ਗਏ ਹਨ ਅਤੇ ਇਨ੍ਹਾਂ ਨੂੰ ਬਾਖ਼ੂਬੀ ਨਿਭਾਇਆ ਗਿਆ ਹੈ। ਪੁਸਤਕ ਵਿਚਲੀਆਂ ਕਈ ਕਵਿਤਾਵਾਂ ਦੇ ਹਵਾਲੇ ਨਾਲ ਉਨ੍ਹਾਂ ਨੇ ਮਲੂਕ ਸਿੰਘ ਕਾਹਲੋਂ ਦੇ ਲੋਕ-ਪੱਖੀ ਤੇ ਅਗਾਂਹ-ਵਧੂ ਵਿਚਾਰਾਂ ਬਾਰੇ ਸਾਰਥਿਕ ਚਰਚਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬੀ ਬੋਲੀ ਤੇ ਪੰਜਾਬੀ ਭਾਸ਼ਾ ਬਾਰੇ ਗੱਲ ਕਰਦਿਆਂ ਕਿਹਾ ਕਿ ਭਾਸ਼ਾਵਾਂ ਵਿੱਚ ਇੱਕ ਦੂਸਰੀ ਭਾਸ਼ਾ ਤੋਂ ਕਈ ਨਵੇਂ ਸ਼ਬਦ ਆਉਂਦੇ ਰਹਿੰਦੇ ਹਨ ਅਤੇ ਇਹ ਪੰਜਾਬੀ ਭਾਸ਼ਾ ਵਿੱਚ ਵੀ ਆ ਰਹੇ ਹਨ। ਇਸ ਲਈ ਭਵਿੱਖ ਵਿੱਚ ਪੰਜਾਬੀ ਬੋਲੀ ਤੇ ਭਾਸ਼ਾ ਨੂੰ ਕੋਈ ਖ਼ਤਰਾ ਨਹੀਂ ਹੈ, ਜਿਹਾ ਕਿ ਕਈ ਵਿਦਵਾਨਾਂ ਵੱਲੋਂ ਇਸਦੇ ਬਾਰੇ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਪੁਸਤਕ ਸਬੰਧੀ ਵਿਚਾਰ-ਚਰਚਾ ਵਿੱਚ ਭਾਗ ਲੈਂਦਿਆਂ ਡਾ. ਸੁਖਦੇਵ ਸਿੰਘ ਝੰਡ ਵੱਲੋਂ ਇਸ ਨੇ ਵਿਸ਼ੇ-ਪੱਖ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਲੇਖਕ ਵੱਲੋਂ ਪੁਸਤਕ ਵਿੱਚ ਸਮਾਜਿਕ ਤੇ ਰਾਜਨੀਤਕ ਪੱਖੋਂ ਬੜੇ ਅਹਿਮ ਵਿਸ਼ੇ ਲਏ ਗਏ ਹਨ, ਜਿਨ੍ਹਾਂ ਬਾਰੇ ਮਲਵਿੰਦਰ ਵੱਲੋਂ ਆਪਣੇ ਪੇਪਰ ਵਿੱਚ ਸਾਰਥਿਕ ਚਰਚਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਵਿੱਚ ਫ਼ੈਲੇ ਧੂੰਏਂ ਨੂੰ ਲੇਖਕ ਵੱਲੋਂ ਰਾਜਸੀ ਗੰਧਲੇਪਨ ਦੇ ਧੂੰਏਂ ਦੇ ਪ੍ਰਤੀਕ ਵਜੋਂ ਬਾਖ਼ੂਬੀ ਵਰਤਿਆ ਗਿਆ ਹੈ ਅਤੇ ਇਹ 'ਧੂੰਆਂ' ਰਾਜਸੀ ਨੇਤਾਵਾਂ ਨੂੰ ਬੜਾ ਰਾਸ ਆਉਂਦਾ ਹੈ। ਉਨ੍ਹਾਂ ਵੱਲੋਂ ਅੰਬਾਨੀਆਂ ਤੇ ਅੰਡਾਨੀਆਂ ਵਰਗੇ ਵੱਡੇ ਕਾਰਪੋਰੇਟ ਘਰਾਣਿਆਂ ਵੱਲੋਂ ਰਾਜਸੀ ਸੱਤਾ ਉੱਪਰ ਪੂਰਾ 'ਨਿਯੰਤਰਣ' ਰੱਖਣ ਨਾਲ ਸਬੰਧਿਤ ਕਵਿਤਾ ਦੀ ਭਰਪੂਰ ਸਰਾਹਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਰੂਪਕ ਪੱਖੋਂ ਮਲੂਕ ਸਿੰਘ ਨੇ ਆਪਣੀਆਂ ਕਵਿਤਾਵਾਂ ਵਿੱਚ (2+3+2) ਤੇ (2+2) ਪੈਟਰਨ ਦੀ ਵਰਤੋਂ ਵਧੇਰੇ ਕੀਤੀ ਹੈ ਅਤੇ ਉਨ੍ਹਾਂ ਵੱਲੋਂ ਕਈ ਕਵਿਤਾਵਾਂ ਬੈਂਤ ਤੇ ਕਵਿਤਾ ਦੇ ਕਈ ਹੋਰ ਰੂਪਾਂ ਵਿੱਚ ਵੀ ਲਿਖੀਆਂ ਗਈਆਂ ਹਨ।

ਪੁਸਤਕ ਦੇ ਸਿਰਲੇਖ (ਟਾਈਟਲ) ਬਾਰੇ ਗੱਲ ਕਰਦਿਆਂ ਸੁਖਚਰਨਜੀਤ ਕੌਰ ਗਿੱਲ ਨੇ ਕਿਹਾ ਕਿ ਭਾਈ ਗੁਰਦਾਸ ਜੀ ਦੀ ਕਾਸ਼ੀਆਂ ਨਾਲ ਹੋਏ ਸੰਵਾਦ ਨਾਲ ਸਬੰਧਿਤ ਵਾਰ ਦੇ ਭਾਗ 'ਸੁਭਿ ਅਮਲਾ ਬਾਝਹੁ ਦੋਨੋ ਰੋਵੀ' ਵਿੱਚੋਂ ਲਿਆ ਗਿਆ ਇਹ ਸਿਰਲੇਖ ਮਨੁੱਖ ਵੱਲੋਂ ਜੀਵਨ ਵਿੱਚ 'ਸ਼ੁਭ ਅਮਲ' (ਚੰਗੇ ਕੰਮ) ਕਰਨ ਦੀ ਗੱਲ ਕਰਦਾ ਹੈ। ਇਸਦੇ ਨਾਲ ਹੀ ਉਨ੍ਹਾਂ ਦਾ ਖ਼ਿਆਲ ਸੀ ਕਿ ਜਿੱਥੇ ਇਸ ਪੁਸਤਕ ਦੀਆਂ ਕਵਿਤਾਵਾਂ ਦਾ ਵਿਸ਼ੇ ਪੱਖ ਕਾਫ਼ੀ ਮਜ਼ਬੂਤ ਹੈ, ਉੱਥੇ ਇਨ੍ਹਾਂ ਵਿੱਚ ਲੇਖਕ ਦਾ ਨਿੱਜੀ ਤੇ ਭਾਵੁਕ ਜਜ਼ਬਾ ਕਵਿਤਾਵਾਂ ਦੇ ਸ਼ਬਦਾਂ ਉੱਪਰ 'ਭਾਰੂ' ਹੁੰਦਾ ਲੱਗਦਾ ਹੈ। ਇਸ ਚਰਚਾ ਨੂੰ ਅੱਗੇ ਤੋਰਦਿਆਂ 'ਕਰਮ ਫ਼ਿਲਾਸਫ਼ੀ' ਦੀ ਗੱਲ ਕਰਦਿਆਂ ਇੰਜੀ. ਈਸ਼ਰ ਸਿੰਘ ਨੇ ਪੁਸਤਕ ਦੇ ਸਿਰਲੇਖ ਨੂੰ ਜੀਵਨ ਵਿੱਚ ਸ਼ੁਭ ਕਰਮ ਅਤੇ ਸੱਚੀ-ਸੁੱਚੀ ਕਿਰਤ ਕਰਨ ਨਾਲ ਜੋੜ ਕੇ ਗੱਲ ਕੀਤੀ। ਸ਼ੁਭ ਅਮਲਾਂ ਦੇ ਨਾਲ- ਨਾਲ ਉਨ੍ਹਾਂ ਮਨੁੱਖ ਨੂੰ ਚੰਗੀ ਸੋਚ ਅਪਨਾਉਣ,ਆਪਣੀ ਬੁੱਧੀ ਦੀ ਸਹੀ ਵਰਤੋਂ ਕਰਨ ਅਤੇ ਸਿਆਣਪ ਵਰਤਣ ਲਈ ਵੀ ਕਿਹਾ। ਕਵਿੱਤਰੀ ਸੁਰਜੀਤ ਕੌਰ ਵੱਲੋਂ ਲੇਖਕ ਦੀ ਇਸ ਤੋਂ ਪਹਿਲਾਂ ਆਈ ਪੁਸਤਕ 'ਕੂਕ ਫ਼ਕੀਰਾ ਕੂਕ ਤੂੰ' ਵਿੱਚੋਂ ਕੁਝ ਟੂਕਾਂ ਲੈ ਕੇ ਉਨ੍ਹਾਂ ਨੂੰ ਇਸ ਪੁਸਤਕ ਦੀਆਂ ਕਈ ਕਵਿਤਾਵਾਂ ਨਾਲ ਜੋੜ ਕੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਵੱਲੋਂ ਇਸ ਪੁਸਤਕ ਦੀ ਇੱਕ ਕਵਿਤਾ ਵਿੱਚ ਲੇਖਕ ਵੱਲੋਂ 'ਧੌਣ 'ਤੇ ਗੋਡਾ ਰੱਖਣਾ' ਮੁਹਾਵਰੇ ਦੀ ਕੀਤੀ ਗਈ ਸੁਚੱਜੀ ਵਰਤੋਂ ਦੀ ਵਿਸ਼ੇਸ਼ ਸਰਾਹਨਾ ਕੀਤੀ ਗਈ। ਰਿੰਟੂ ਭਾਟੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਲੂਕ ਸਿੰਘ ਕਾਹਲੋਂ ਇਸ ਪੁਸਤਕ ਵਿੱਚ ਮਾਨਵਵਾਦੀ ਲੇਖਕ ਵਜੋਂ ਪੇਸ਼ ਹੋਏ ਹਨ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਇਸ ਪੁਸਤਕ ਵਿਚਲੀਆਂ ਦੋ ਕਵਿਤਾਵਾਂ ਵੀ ਪੜ੍ਹ ਕੇ ਸੁਣਾਈਆਂ। ਇਸਦੇ ਨਾਲ ਹੀ ਕੁਲਜੀਤ ਮਾਨ ਵੱਲੋਂ ਮਲੂਕ ਕਾਹਲੋਂ ਦੇ ਨਾਲ ਉਨ੍ਹਾਂ ਦੇ ਪਿੰਡ ਖ਼ਾਨੇਵਾਲ ਰਾਹੀਂ ਪਈ ਰਿਸ਼ਤੇਦਾਰੀ ਦੀ 'ਦਿਲਚਸਪ ਸਾਂਝ' ਅਤੇ ਦੋਸਤੀ ਦੀ ਗੱਲ ਆਪਣੇ ਵੱਖਰੇ ਅੰਦਾਜ਼ 'ਚ ਕੀਤੀ।

ਪੁਸਤਕ ਦੇ ਸਿਰਲੇਖ ਦੀ ਵਿਆਖਿਆ ਕਰਦਿਆਂ ਹੋਇਆਂ ਪ੍ਰਧਾਨਗੀ-ਮੰਡਲ ਵਿੱਚੋਂ ਪ੍ਰੋ. ਅਤੇ ਸਿੰਘ ਨੇ ਇਸ ਵਿੱਚ ਆਏ ਸ਼ਬਦਾਂ 'ਸੁਭਿ' ਅਤੇ 'ਅਮਲ' ਦੀ ਡੂੰਘਾਈ ਵਿੱਚ ਜਾਂਦਿਆਂ ਹੋਇਆਂ ਕਿਹਾ ਕਿ 'ਸੁਭਿ' ਤੋਂ ਭਾਵ 'ਭਲਾ' ਜਾਂ 'ਚੰਗਾ' ਹੈ ਅਤੇ ਸ਼ਬਦ 'ਅਮਲ' ਮਨੁੱਖ ਵੱਲੋਂ ਕੀਤੇ ਗਏ 'ਕੰਮ' ਜਾਂ 'ਕਰਮ' ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਭਾਈ ਗੁਰਦਾਸ ਜੀ ਦੀ ਇਸ ਵਾਰ ਦੀ ਇਸ ਤੁਕ ਵਿੱਚ ਆਇਆ ਸ਼ਬਦ 'ਦੋਨੋ' ਕੇਵਲ ਹਿੰਦੂ ਤੇ ਮੁਸਲਮਾਨ ਦੇ ਲਈ ਹੀ ਨਹੀਂ ਹੈ, ਸਗੋਂ ਇਹ ਸ਼ਬਦ ਇੱਥੇ ਕੇਵਲ 'ਦੋ' ਨੂੰ ਨਹੀਂ, ਬਲਕਿ 'ਸਾਰੇ' ਨੂੰ ਪ੍ਰਗਟਾਉਂਦਾ ਹੈ। ਉਨ੍ਹਾਂ ਦਾ ਇਹ ਕਹਿਣ ਤੋਂ ਭਾਵ ਸੀ ਕਿ ਭਲੇ ਜਾਂ ਚੰਗੇ ਕੰਮ ਕਰਨ ਤੋਂ ਬਗ਼ੈਰ ਕੇਵਲ ਹਿੰਦੂ ਜਾਂ ਮੁਸਲਮਾਨ ਹੀ ਨਹੀਂ, ਸਗੋਂ ਸਾਰੇ ਹੀ ਰੋਂਦੇ ਹਨ। ਉਨ੍ਹਾਂ ਹੋਰ ਕਿਹਾ ਕਿ ਲੇਖਕ ਵੱਲੋਂ ਪੁਸਤਕ ਦਾ ਸਿਰਲੇਖ ਬੜਾ ਸੋਚ ਵਿਚਾਰ ਕੇ ਰੱਖਿਆ ਗਿਆ ਹੈ। ਸਮਾਗ਼ਮ ਦੀ 'ਪ੍ਰਧਾਨਗੀ ਸ਼ਬਦਾਵਲੀ' ਵਿੱਚ ਉਨ੍ਹਾਂ ਕਿਹਾ ਕਿ ਹਰੇਕ ਬੁਲਾਰੇ ਵੱਲੋਂ ਕਿਤਾਬ ਦੇ ਵੱਖ-ਵੱਖ ਪੱਖਾਂ ਬਾਰੇ ਬਹੁਤ ਵਧੀਆ ਗੱਲ ਕੀਤੀ ਗਈ ਹੈ ਅਤੇ ਕੋਈ ਵੀ ਬੁਲਾਰਾ ਕਿਤਾਬ ਸਬੰਧੀ ਕੀਤੀ ਜਾਣ ਵਾਲੀ ਚਰਚਾ ਤੋਂ ਬਾਹਰ ਨਹੀਂ ਗਿਆ।

ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਹੋਇਆਂ ਪੁਸਤਕ ਲੇਖਕ ਮਲੂਕ ਸਿੰਘ ਕਾਹਲੋਂ ਵੱਲੋਂ ਇਸ ਪੁਸਤਕ ਦੀਆਂ ਕਵਿਤਾਵਾਂ ਦੀ ਰਚਣ-ਪ੍ਰਕਿਰਿਆ ਅਤੇ ਆਪਣੇ ਪੰਜਾਬ ਜਾਣ ਦੀ ਕਾਹਲੀ ਵਿੱਚ ਇਸਦੇ ਜਲਦੀ ਛਪਵਾਏ ਜਾਣ ਬਾਰੇ ਵਿਚਾਰ ਸਾਂਝੇ ਕੀਤੇ ਗਏ। ਆਪਣੇ ਸੰਬੋਧਨ ਵਿੱਚ ਉਨ੍ਹਾਂ ਇਸ ਪੁਸਤਕ ਦੇ ਮੁੱਖ-ਬੰਦ ਲਿਖਣ ਲਈ ਕਿਰਪਾਲ ਸਿੰਘ ਪੰਨੂੰ, ਡਾ. ਨਵਜੋਤ ਕੌਰ ਅਤੇ ਪ੍ਰੋ. ਕੁਲਜੀਤ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਇਸ ਸੈਸ਼ਨ ਦੇ ਬੁਲਾਰਿਆਂ ਵੱਲੋਂ ਪੇਸ਼ ਕੀਤੇ ਗਏ ਵਿਚਾਰਾਂ ਅਤੇ ਉਨ੍ਹਾਂ ਨੂੰ ਸੁਣਨ ਵਾਲੇ ਸੁਹਿਰਦ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਭਾਗ ਕਵੀ-ਦਰਬਾਰ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਇਸਦੇ ਆਰੰਭ ਵਿੱਚ ਕਹੇ ਗਏ ਆਪਣੇ ਦੋ ਸ਼ਿਅਰਾਂ ਨਾਲ ਉਨ੍ਹਾਂ ਨੇ ਸੱਭ ਤੋਂ ਪਹਿਲਾਂ ਰੂਬੀ ਕਰਤਾਰਪੁਰੀ ਨੂੰ ਮੰਚ 'ਤੇ ਆਣ ਦਾ ਸੱਦਾ ਦਿੱਤਾ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ 'ਤਲਵੰਡੀ' (ਹੁਣ, ਨਨਕਾਣਾ ਸਾਹਿਬ) ਵਿਖੇ ਅਵਤਾਰ ਧਾਰਨ ਸਬੰਧੀ ਇਕ ਗੀਤ ਪੇਸ਼ ਕੀਤਾ। ਉਪਰੰਤ, ਉਨ੍ਹਾਂ ਨੇ ਵਾਰੀ-ਵਾਰੀ ਮਕਸੂਦ ਚੌਧਰੀ, ਪ੍ਰੋ. ਜਗੀਰ ਸਿੰਘ ਕਾਹਲੋਂ, ਉਪਕਾਰ ਸਿੰਘ ਪਾਤਰ, ਰਿੰਟੂ ਭਾਟੀਆ, ਹਰਦਿਆਲ ਝੀਤਾ, ਹਰਜੀਤ ਬਾਜਵਾ, ਪ੍ਰੋ. ਆਸ਼ਿਕ ਰਹੀਲ, ਡਾ. ਜਤਿੰਦਰ ਰੰਧਾਵਾ, ਜੱਸੀ ਭੁੱਲਰ, ਕਰਨੈਲ ਸਿੰਘ ਮਰਵਾਹਾ, ਸੁਖਚਰਨਜੀਤ ਕੌਰ ਗਿੱਲ, ਗੁਰਦੀਪ ਸਿੰਘ ਬਾਜਵਾ, ਸੁਜਾਨ ਸਿੰਘ ਸੁਜਾਨ, ਗੁਰਮੇਲ ਸਿੰਘ ਸੰਧੂ, ਪ੍ਰਿੰਸੀਪਲ ਗਿਆਨ ਸਿੰਘ ਘਈ, ਪ੍ਰੀਤਮ ਧੰਜਲ, ਸਤਪਾਲ ਸਿੰਘ ਕੋਮਲ, ਹਰਮੇਸ਼ ਜਿੰਦੇਵਾਲ, ਹਰਚਰਨ ਸਿੰਘ, ਇਕਬਾਲ ਬਰਾੜ, ਪ੍ਰੋ. ਅਤੇ ਸਿੰਘ, ਡਾ. ਸੁਖਦੇਵ ਸਿੰਘ ਝੰਡ, ਕਰਨ ਅਜਾਇਬ ਸਿੰਘ ਸੰਘਾ, ਈਸ਼ਰ ਸਿੰਘ ਨੂੰ ਆਪਣੀਆਂ ਰਚਨਾਵਾਂ ਸੁਨਾਉਣ ਲਈ ਕਿਹਾ ਅਤੇ ਸਰੋਤਿਆਂ ਦੀ ਫ਼ਰਮਾਇਸ਼ 'ਤੇ ਮੰਚ-ਸੰਚਾਲਕ ਪਰਮਜੀਤ ਢਿੱਲੋਂ ਵੱਲੋਂ ਆਪਣਾ ਇੱਕ ਗੀਤ ਪੇਸ਼ ਕੀਤਾ। ਸਮਾਗ਼ਮ ਦੇ ਇਸ ਭਾਗ ਦੇ ਪ੍ਰਧਾਨਗੀ-ਮੰਡਲ ਵਿੱਚ ਕਵੀ ਪ੍ਰੀਤਮ ਧੰਜਲ, ਸੁਜਾਨ ਸਿੰਘ ਸੁਜਾਨ, ਜਤਿੰਦਰ ਰੰਧਾਵਾ, ਸੁਰਜੀਤ ਕੌਰ ਤੇ ਸੁਰਿੰਦਰਜੀਤ ਕੌਰ ਸ਼ਾਮਲ ਸਨ। ਆਪਣੀ ਕਵਿਤਾ ਪੇਸ਼ ਕਰਨ ਦੇ ਨਾਲ ਹੀ ਸੁਰਿੰਦਰਜੀਤ ਕੌਰ ਵੱਲੋਂ ਕਵੀ-ਦਰਬਾਰ ਦੇ ਸਮੂਹ ਕਵੀਆਂ/ਕਵਿੱਤਰੀਆਂ ਅਤੇ ਗਾਇਕਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਪ੍ਰੋ. ਰਾਮ ਸਿੰਘ, ਪ੍ਰੋ. ਸਿਕੰਦਰ ਸਿੰਘ ਗਿੱਲ, ਇੰਜੀ. ਹਰਜੀਤ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਸੁਖਦੇਵ ਸਿੰਘ ਬੇਦੀ, ਮੋਹਿੰਦਰ ਸਿੰਘ ਬਾਜਵਾ, ਹਰਜੀਤ ਸਿੰਘ ਬਾਜਵਾ, ਜਸਬੀਰ ਸਿੰਘ ਭੁੱਲਰ, ਰਛਪਾਲ ਸਿੰਘ, ਮਹਿੰਦਰ ਸਿੰਘ ਰੰਧਾਵਾ, ਨਰਿੰਦਰ ਸਿੰਘ ਰਹਿਲ, ਹਰਮਿੰਦਰ ਸਿੰਘ, ਅਮਰਜੀਤ ਕੌਰ ਘਈ ਤੇ ਕਈ ਹੋਰ ਹਾਜ਼ਰ ਸਨ।

ਸਾਹਿਤਕ ਸੰਸਥਾਵਾਂ ਵੱਲੋਂ ਮਿਲ ਕੇ ਉੱਘੇ ਲੇਖਕ ਨਵਤੇਜ ਭਾਰਤੀ ਦਾ ਸਾਂਝੇ ਤੌਰ 'ਤੇ ਮਾਣ-ਸਨਮਾਨ



ਮਿਸੀਸਾਗਾ, (ਡਾ. ਝੰਡ) – ਉੱਘੇ ਪ੍ਰੋਜ਼-ਲੇਖਕ ਨਵਤੇਜ ਭਾਰਤੀ ਦੇ 90ਵੇਂ ਸਾਲ 'ਚ ਪ੍ਰਵੇਸ਼ ਕਰਨ 'ਤੇ ਬਰੈਂਪਟਨ ਤੇ ਮਿਸੀਸਾਗਾ ਦੀਆਂ ਸਾਹਿਤਕ ਸੰਸਥਾਵਾਂ ਵੱਲੋਂ ਉਨ੍ਹਾਂ ਦੇ ਮਾਣ-ਸਤਿਕਾਰ ਵਿੱਚ ਯੂਨੀਵਰਸਿਟੀ ਆਫ਼ ਟੋਰਾਂਟੋ ਦੇ ਮਿਸੀਸਾਗਾ ਕੈਂਪਸ ਦੇ ਸੈਂਟਰ ਫ਼ਾਰ ਸਾਊਥ ਏਸ਼ੀਅਨ ਕ੍ਰਿਟੀਕਲ ਹਿਊਮੈਨਿਟੀਜ਼ ਵਿੱਚ ਸਾਂਝੇ ਤੌਰ 'ਤੇ ਸ਼ਾਨਦਾਰ ਸਮਾਗਮ ਆਯੋਜਿਤ ਕੀਤਾ ਗਿਆ। ਇਨ੍ਹਾਂ ਸੰਸਥਾਵਾਂ ਵਿੱਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ, ਕਲਮਾਂ ਦਾ ਕਾਫ਼ਲਾ, ਸਬਰੰਗ ਆਰਟਸ, ਪੰਜਾਬੀ ਅਦਬੀ ਸੰਗਤ, ਪ੍ਰੋਗਰੈੱਸਿਵ ਰਾਈਟਰਜ਼ ਐਸੋਸੋਏਸ਼ਨ ਕੈਨੇਡਾ, ਰਾਈਟਰਜ਼ ਫੋਰਮ ਕੈਨੇਡਾ, ਅਰਬਾਬ-ਏ-ਕਲਮ ਕੈਨੇਡਾ, ਫ਼ਰੈਂਡਜ਼ ਇਨਡੀਡ ਅਤੇ ਸਿੰਧੀ ਅਦਬੀ ਸੰਗਤ ਸ਼ਾਮਲ ਸਨ। ਇਸ ਮੌਕੇ ਨਵਤੇਜ ਭਾਰਤੀ ਜੀ ਦੇ ਨਾਲ ਉਨ੍ਹਾਂ ਦੇ ਛੋਟੇ ਭਰਾ ਅਜਮੇਰ ਰੋਡੇ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਇਸ ਅਦਬੀ ਸਮਾਗ਼ਮ ਵਿੱਚ ਸ਼ਿਰਕਤ ਕੀਤੀ। ਸਮਾਗ਼ਮ ਦੌਰਾਨ ਉਪਰੋਕਤ ਸਾਹਿਤਕ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਨਵਤੇਜ ਭਾਰਤੀ ਨੂੰ ਸਾਂਝੇ ਤੌਰ 'ਤੇ ਸ਼ਾਨਦਾਰ ਸਨਮਾਨ-ਚਿੰਨ੍ਹ ਭੇਂਟ ਕੀਤਾ ਗਿਆ। ਇਸ ਮੌਕੇ ਮੌਂਟਰੀਅਲ ਤੋਂ ਉਚੇਚੇ ਤੌਰ 'ਤੇ ਆਏ ਚਿੱਤਰਕਾਰ ਤੇ ਕਵੀ ਮਨਜੀਤ ਸਿੰਘ ਚਾਤ੍ਰਿਕ ਵੱਲੋਂ ਭਾਰਤੀ ਜੀ ਦੀ ਸ਼ਖ਼ਸੀਅਤ ਨੂੰ ਸਾਕਾਰ ਕਰਦੀ ਹੋਈ ਇੱਕ ਪੇਂਟਿੰਗ ਵੀ ਭੇਂਟ ਕੀਤੀ ਗਈ।

ਸਮਾਗ਼ਮ ਦੇ ਆਰੰਭ ਵਿੱਚ ਗੁਰਪ੍ਰੀਤ ਗਰੇਵਾਲ ਵੱਲੋਂ 'ਲੈਂਡ ਅਕਨੌਲਜਮੈਂਟ' ਕਰਦਿਆਂ ਹੋਇਆਂ ਵੱਲੋਂ ਕੈਨੇਡਾ ਦੇ ਮੂਲ-ਵਾਸੀਆਂ ਦਾ ਧੰਨਵਾਦ ਕੀਤਾ ਗਿਆ। ਉਪਰੰਤ, ਮੰਚ-ਸੰਚਾਲਕ ਵੱਲੋਂ ਸ਼ਮੀਲ ਜਸਵੀਰ ਮੁੱਖ-ਮਹਿਮਾਨ ਨਵਤੇਜ ਭਾਰਤੀ ਅਤੇ ਉਨ੍ਹਾਂ ਦੇ ਭਰਾ ਅਜਮੇਰ ਰੋਡੇ ਨੂੰ ਪ੍ਰਧਾਨਗੀ-ਮੰਡਲ ਮੰਚ 'ਤੇ ਆਉਣ ਲਈ ਬੇਨਤੀ ਕੀਤੀ ਗਈ। ਉਪਰੰਤ, ਯੂਨੀਵਰਸਿਟੀ ਆਫ

ਰਾਸ਼ੀਫਲ



ਮੇਸ਼ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਗਿਆਰ੍ਹਵੇਂ ਘਰ ਵਿੱਚ ਹੈ। ਤੁਹਾਡਾ ਦਿਨ ਦੋਸਤਾਂ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਰੁੱਝਿਆ ਰਹੇਗਾ। ਖਰਚੇ ਵੀ ਵਧਣਗੇ। ਤੁਸੀਂ ਨਵੇਂ ਦੋਸਤ ਬਣਾ ਸਕਦੇ ਹੋ ਜੋ ਭਵਿੱਖ ਵਿੱਚ ਲਾਭਦਾਇਕ ਹੋਣਗੇ। ਤੁਸੀਂ ਸਰਕਾਰੀ ਕੰਮ ਵਿੱਚ ਸਫਲ ਹੋਵੋਗੇ। ਤੁਹਾਨੂੰ ਬਜ਼ੁਰਗਾਂ ਦਾ ਸਮਰਥਨ ਮਿਲੇਗਾ, ਅਤੇ ਤੁਹਾਡੀ ਖੁਸ਼ੀ ਵਧੇਗੀ। ਤੁਹਾਨੂੰ ਦੂਰ ਜਾਂ ਵਿਦੇਸ਼ ਵਿੱਚ ਰਹਿਣ ਵਾਲੇ ਬੱਚਿਆਂ ਜਾਂ ਰਿਸ਼ਤੇਦਾਰਾਂ ਤੋਂ ਖੁਸ਼ਖਬਰੀ ਮਿਲੇਗੀ। ਤੁਸੀਂ ਵਿੱਤੀ ਲਾਭ ਦਾ ਅਨੁਭਵ ਕਰ ਸਕਦੇ ਹੋ। ਇੱਕ ਛੋਟੀ ਯਾਤਰਾ ਦੀ ਯੋਜਨਾ ਬਣਾਈ ਜਾ ਸਕਦੀ ਹੈ।

ਟੌਰਸ– ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਦਸਵੇਂ ਘਰ ਵਿੱਚ ਹੈ। ਤੁਸੀਂ ਅੱਜ ਨਵਾਂ ਕੰਮ ਸ਼ੁਰੂ ਕਰੋਗੇ। ਕਿਸਮਤ ਤੁਹਾਡੇ ਨਾਲ ਹੈ। ਨੌਕਰੀ ਕਰਨ ਵਾਲਿਆਂ ਲਈ ਇਹ ਇੱਕ ਚੰਗਾ ਦਿਨ ਹੈ। ਆਮਦਨ ਵਧੇਗੀ, ਅਤੇ ਤਰੱਕੀ ਸੰਭਵ ਹੈ। ਤੁਹਾਨੂੰ ਸਰਕਾਰੀ ਲਾਭ ਮਿਲ ਸਕਦੇ ਹਨ। ਤੁਹਾਡੇ ਵਿਆਹੁਤਾ ਜੀਵਨ ਵਿੱਚ ਸਦਭਾਵਨਾ ਬਣੀ ਰਹੇਗੀ। ਉੱਚ ਅਧਿਕਾਰੀ ਤੁਹਾਡੀ ਪ੍ਰਸ਼ੰਸਾ ਕਰਨਗੇ ਅਤੇ ਤੁਹਾਡਾ ਮਨੋਬਲ ਵਧਾਉਣਗੇ। ਅਧੂਰੇ ਕੰਮ ਪੂਰੇ ਹੋਣਗੇ। ਪਤੀ–ਪਤਨੀ ਵਿਚਕਾਰ ਰੋਮਾਂਸ ਬਣਿਆ ਰਹੇਗਾ।

ਮਿਥੁਨ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਨੌਵੇਂ ਘਰ ਵਿੱਚ ਹੈ। ਅੱਜ ਤੁਹਾਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਤੁਸੀਂ ਥੱਕੇ ਹੋਏ ਅਤੇ ਆਲਸੀ ਮਹਿਸੂਸ ਕਰੋਗੇ। ਕੰਮ ਯੋਜਨਾ ਅਨੁਸਾਰ ਪੂਰਾ ਨਹੀਂ ਹੋ ਸਕਦਾ। ਤੁਸੀਂ ਚਿੰਤਤ ਮਹਿਸੂਸ ਕਰੋਗੇ। ਕੰਮ 'ਤੇ ਤੁਹਾਡੇ ਸਾਥੀ ਤੁਹਾਨੂੰ ਨਿਰਾਸ਼ ਕਰਨਗੇ। ਅੱਜ ਉੱਚ ਅਧਿਕਾਰੀਆਂ ਨਾਲ ਕਿਸੇ ਵੀ ਵਿਵਾਦ ਤੋਂ ਬਚੋ। ਇਸ ਨਾਲ ਨੁਕਸਾਨ ਹੋ ਸਕਦਾ ਹੈ। ਅੱਜ ਆਪਣੇ ਵਿਰੋਧੀਆਂ ਤੋਂ ਸਾਵਧਾਨ ਰਹੋ। ਕਾਰੋਬਾਰ ਵਿੱਚ ਨੁਕਸਾਨ ਤੋਂ ਬਚੋ। ਲਾਲਚ ਅੱਗੇ ਨਾ ਝੁਕੋ। ਤੁਹਾਡੀ ਪ੍ਰੇਮ ਜ਼ਿੰਦਗੀ ਆਮ ਰਹੇਗੀ। ਤੁਹਾਡੇ ਜੀਵਨ ਸਾਥੀ ਨਾਲ ਪੁਰਾਣਾ ਵਿਵਾਦ ਹੱਲ ਹੋ ਸਕਦਾ ਹੈ। ਤੁਸੀਂ ਅੱਜ ਆਪਣੇ ਬੱਚਿਆਂ ਬਾਰੇ ਚਿੰਤਤ ਹੋ ਸਕਦੇ ਹੋ। ਅਚਾਨਕ ਖਰਚ ਚਿੰਤਾ ਦਾ ਕਾਰਨ ਬਣੇਗਾ। ਦਿਨ ਤੁਹਾਡੀ ਸਿਹਤ ਲਈ ਅਨੁਕੂਲ ਰਹੇਗਾ।

ਕਰਕ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਵਿੱਚ ਚੰਦਰਮਾ ਤੁਹਾਡੇ ਅੱਠਵੇਂ ਘਰ ਵਿੱਚ ਹੈ। ਨਕਾਰਾਤਮਕਤਾ ਵਿਚਾਰਧਾਰਕ ਤੌਰ 'ਤੇ ਪ੍ਰਬਲ ਰਹੇਗੀ। ਤੁਸੀਂ ਦਿਨ ਭਰ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਿਮਾਰ ਮਹਿਸੂਸ ਕਰੋਗੇ। ਇਹ ਤੁਹਾਨੂੰ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰਨ ਤੋਂ ਰੋਕੇਗਾ। ਤੁਹਾਨੂੰ ਨਕਾਰਾਤਮਕਤਾ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਤੁਹਾਨੂੰ ਅੱਜ ਆਪਣੇ ਗੁੱਸੇ 'ਤੇ ਵੀ ਕਾਬੂ ਰੱਖਣ ਦੀ ਜ਼ਰੂਰਤ ਹੋਏਗੀ। ਖਰਚੇ ਜ਼ਿਆਦਾ ਹੋਣਗੇ। ਪਰਿਵਾਰ ਦੇ ਮੈਂਬਰਾਂ ਨਾਲ ਬਹਿਸ ਨਾ ਕਰਨ ਦਾ ਧਿਆਨ ਰੱਖੋ। ਅੱਜ ਨਵੇਂ ਪ੍ਰੋਜੈਕਟ ਸ਼ੁਰੂ ਕਰਨ ਤੋਂ ਬਚੋ। ਨਵੇਂ ਜਾਣ-ਪਛਾਣ ਵੀ ਖਾਸ ਤੌਰ 'ਤੇ ਲਾਭਦਾਇਕ ਸਾਬਤ ਨਹੀਂ ਹੋਣਗੇ। ਸਰਕਾਰ ਵਿਰੋਧੀ ਪ੍ਰਵਿਰਤੀਆਂ ਤੋਂ ਦੂਰ ਰਹਿਣਾ ਲਾਭਦਾਇਕ ਹੋਵੇਗਾ।

ਸਿੰਘ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਸੱਤਵੇਂ ਘਰ ਵਿੱਚ ਹੈ। ਅੱਜ ਤੁਹਾਡੇ ਜੀਵਨ ਸਾਥੀ ਨਾਲ ਵਿਚਾਰਾਂ ਦੇ ਮਤਭੇਦ ਤੁਹਾਨੂੰ ਦੁਖੀ ਕਰਨਗੇ। ਇਸ ਗੱਲ ਦੀ ਸੰਭਾਵਨਾ ਹੈ ਕਿ ਤੁਹਾਡੇ ਪਤੀ ਜਾਂ ਪਤਨੀ ਬੀਮਾਰ ਹੋ ਸਕਦੇ ਹਨ। ਤੁਸੀਂ ਅੱਜ ਦੁਨਿਆਵੀ ਮਾਮਲਿਆਂ ਤੋਂ ਬਚੋਗੇ। ਤੁਹਾਡੇ ਪ੍ਰੇਮ ਜੀਵਨ ਵਿੱਚ ਵੀ ਮੁਸ਼ਕਲਾਂ ਆਉਣਗੀਆਂ। ਤੁਸੀਂ ਆਪਣੇ ਅਜ਼ੀਜ਼ ਦੀ ਕਿਸੇ ਗੱਲ ਤੋਂ ਨਾਰਾਜ਼ ਮਹਿਸੂਸ ਕਰ ਸਕਦੇ ਹੋ। ਵਪਾਰਕ ਭਾਈਵਾਲੀ ਬਾਰੇ ਸਾਵਧਾਨ ਰਹੋ। ਨੌਕਰੀ ਕਰਨ ਵਾਲਿਆਂ ਨੂੰ ਦਿਨ ਨੂੰ ਧੀਰਜ ਨਾਲ ਦੇਖਣਾ ਚਾਹੀਦਾ ਹੈ। ਧਿਆਨ ਰੱਖੋ ਕਿ ਤੁਹਾਡੀ ਸਾਖ ਖਰਾਬ ਨਾ ਹੋਵੇ। ਤੁਸੀਂ ਦੋਸਤਾਂ ਨੂੰ ਮਿਲ ਕੇ ਖੁਸ਼ ਹੋਵੋਗੇ। ਵਿੱਤੀ ਮੋਰਚੇ 'ਤੇ, ਕਿਸੇ ਵੀ ਨਵੇਂ ਨਿਵੇਸ਼ ਵੱਲ ਖਿੱਚੇ ਜਾਣ ਤੋਂ ਪਹਿਲਾਂ ਉਸ ਦੀ ਚੰਗੀ ਤਰ੍ਹਾਂ ਜਾਂਚ ਕਰਨਾ ਯਕੀਨੀ ਬਣਾਓ।

ਕੰਨਿਆ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਛੇਵੇਂ ਘਰ ਵਿੱਚ ਹੈ। ਪਰਿਵਾਰ ਵਿੱਚ ਖੁਸ਼ੀ ਅਤੇ ਉਤਸ਼ਾਹ ਤੁਹਾਨੂੰ ਖੁਸ਼ੀ ਦੇਵੇਗਾ। ਤੁਹਾਡੇ ਜੀਵਨ ਸਾਥੀ ਨਾਲ ਤਣਾਅ ਦੂਰ ਹੋਵੇਗਾ। ਤੁਸੀਂ ਆਪਣੇ ਅਜ਼ੀਜ਼ਾਂ ਨਾਲ ਸਮਾਂ ਬਿਤਾ ਸਕੋਗੇ। ਤੁਹਾਡੀ ਸਿਹਤ ਚੰਗੀ ਰਹੇਗੀ। ਕਿਸੇ ਬਿਮਾਰ ਵਿਅਕਤੀ ਦੀ ਸਿਹਤ ਵਿੱਚ ਸੁਧਾਰ ਰਾਹਤ ਲਿਆਏਗਾ। ਤੁਸੀਂ ਕੰਮ 'ਤੇ ਸਫਲਤਾ ਅਤੇ ਪ੍ਰਸਿੱਧੀ ਪ੍ਰਾਪਤ ਕਰੋਗੇ। ਸਾਥੀ ਕੰਮ 'ਤੇ ਮਦਦਗਾਰ ਹੋਣਗੇ, ਅਤੇ ਤੁਹਾਡੇ ਉੱਚ ਅਧਿਕਾਰੀ ਵੀ ਤੁਹਾਡੀ ਪ੍ਰਸ਼ੰਸਾ ਕਰਨਗੇ। ਕਾਰੋਬਾਰ ਵਿੱਚ ਵਿਰੋਧੀਆਂ ਤੋਂ ਨੁਕਸਾਨ ਹੋਣ ਦੀ ਸੰਭਾਵਨਾ ਹੈ। ਹਾਲਾਂਕਿ, ਸਬਰ ਰੱਖੋ। ਕਾਰੋਬਾਰ ਵਿੱਚ ਜਲਦਬਾਜ਼ੀ ਵਾਲੇ ਫੈਸਲਿਆਂ ਤੋਂ ਬਚੋ।

ਤੁਲਾ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਪੰਜਵੇਂ ਘਰ ਵਿੱਚ ਹੋਵੇਗਾ। ਤੁਸੀਂ ਅੱਜ ਆਪਣੀ ਕਲਪਨਾ ਅਤੇ ਰਚਨਾਤਮਕਤਾ ਦੀ ਵਰਤੋਂ ਕਰੋਗੇ। ਕੰਮ 'ਤੇ ਤੁਹਾਡੀ ਪ੍ਰਸ਼ੰਸਾ ਹੋਵੇਗੀ। ਤੁਸੀਂ ਬੌਧਿਕ ਕੰਮਾਂ ਜਾਂ ਚਰਚਾਵਾਂ ਵਿੱਚ ਹਿੱਸਾ ਲੈਣ ਦਾ ਆਨੰਦ ਮਾਣੋਗੇ। ਤੁਹਾਨੂੰ ਇੱਕ ਮੀਟਿੰਗ ਵਿੱਚ ਸਨਮਾਨ ਮਿਲੇਗਾ। ਤੁਹਾਨੂੰ ਆਪਣੇ ਬੱਚਿਆਂ ਤੋਂ ਚੰਗੀ ਖ਼ਬਰ ਮਿਲੇਗੀ। ਉਹ ਤਰੱਕੀ ਕਰਨਗੇ। ਤੁਹਾਨੂੰ ਦੋਸਤਾਂ ਤੋਂ ਸਮਰਥਨ ਮਿਲੇਗਾ। ਕਿਸੇ ਅਜ਼ੀਜ਼ ਨਾਲ ਮੁਲਾਕਾਤਾਂ ਸੁਹਾਵਣੀਆਂ ਰਹਿਣਗੀਆਂ। ਤੁਹਾਡਾ ਪਰਿਵਾਰ ਨਾਲ ਵੀ ਦਿਨ ਚੰਗਾ ਰਹੇਗਾ। ਹਾਲਾਂਕਿ, ਬਹੁਤ ਜ਼ਿਆਦਾ ਵਿਚਾਰ ਤੁਹਾਨੂੰ ਭਟਕਾ ਸਕਦੇ ਹਨ। ਅੱਜ ਆਪਣੇ ਸਾਰੇ ਕੰਮਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ। ਅਜੇ ਕੋਈ ਨਿਵੇਸ਼ ਯੋਜਨਾ ਨਾ ਬਣਾਓ।

ਸਕਾਰਪੀਓ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਚੌਥੇ ਘਰ ਵਿੱਚ ਹੈ। ਅੱਜ ਤੁਸੀਂ ਚਿੰਤਤ ਹੋਵੋਗੇ। ਕੰਮ 'ਤੇ ਸਹਾਇਤਾ ਦੀ ਘਾਟ ਕਾਰਨ ਨਿਰਾਸ਼ ਹੋ ਕੇ, ਤੁਹਾਡਾ ਰਿਸ਼ਤੇਦਾਰਾਂ ਨਾਲ ਟਕਰਾਅ ਹੋ ਸਕਦਾ ਹੈ। ਤੁਹਾਡੀ ਮਾਂ ਦੀ ਸਿਹਤ ਵਿਗੜਨ ਦੀ ਸੰਭਾਵਨਾ ਹੈ। ਵਿੱਤੀ ਨੁਕਸਾਨ ਅਤੇ ਬਦਨਾਮੀ ਦਾ ਖ਼ਤਰਾ ਹੈ। ਅੱਜ ਕਿਸੇ ਵੀ ਜ਼ਮੀਨ, ਜਾਇਦਾਦ ਜਾਂ ਵਾਹਨ ਦੇ ਲੈਣ-ਦੇਣ ਤੋਂ ਬਚੋ। ਪਾਣੀ ਭਰੇ ਖੇਤਰਾਂ ਤੋਂ ਦੂਰ ਰਹੋ। ਹੌਲੀ ਗੱਡੀ ਚਲਾਓ। ਸਮਾਂ ਤੁਹਾਡੀ ਸਿਹਤ ਲਈ ਵੀ ਪ੍ਰਤੀਕੂਲ ਨਹੀਂ ਹੈ। ਮੌਸਮੀ ਬਿਮਾਰੀ ਦਾ ਖ਼ਤਰਾ ਹੈ। ਤੁਹਾਡੀ ਪ੍ਰੇਮ ਜ਼ਿੰਦਗੀ ਨੂੰ ਆਮ ਬਣਾਉਣ ਲਈ ਵਾਧੂ ਕੋਸ਼ਿਸ਼ ਦੀ ਲੋੜ ਹੋਵੇਗੀ।

ਧਨੁ– ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਤੀਜੇ ਘਰ ਵਿੱਚ ਹੈ। ਅੱਜ, ਤੁਸੀਂ ਰਹੱਸਵਾਦ ਅਤੇ ਅਧਿਆਤਮਿਕਤਾ ਦੁਆਰਾ ਮੋਹਿਤ ਹੋਵੋਗੇ। ਤੁਸੀਂ ਇਨ੍ਹਾਂ ਵਿਸ਼ਿਆਂ ਦੀ ਡੂੰਘਾਈ ਨਾਲ ਪੜਚੋਲ ਕਰਨ ਦੀ ਕੋਸ਼ਿਸ਼ ਕਰੋਗੇ। ਤੁਸੀਂ ਨਵੇਂ ਕੰਮ ਕਰਨ ਲਈ ਪ੍ਰੇਰਿਤ ਹੋਵੋਗੇ। ਤੁਸੀਂ ਆਪਣੇ ਕੰਮ ਦਾ ਆਨੰਦ ਮਾਣੋਗੇ। ਤੁਸੀਂ ਨਵੇਂ ਕੰਮਾਂ ਪ੍ਰਤੀ ਉਤਸ਼ਾਹੀ ਹੋਵੋਗੇ। ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਨਵੀਆਂ ਯੋਜਨਾਵਾਂ ਬਣਾਓਗੇ। ਤੁਹਾਡੀ ਸਿਹਤ ਚੰਗੀ ਰਹੇਗੀ, ਅਤੇ ਤੁਹਾਡਾ ਮਨ ਖੁਸ਼ ਰਹੇਗਾ। ਇੱਕ ਛੋਟੀ ਯਾਤਰਾ ਦੀ ਸੰਭਾਵਨਾ ਹੈ। ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਤੁਹਾਡੀਆਂ ਮੁਲਾਕਾਤਾਂ ਸੁਹਾਵਣੀਆਂ ਹੋਣਗੀਆਂ। ਕਿਸਮਤ ਤੁਹਾਡੇ ਪੱਖ ਵਿੱਚ ਹੈ। ਕਾਰੋਬਾਰ ਵਿੱਚ ਤਰੱਕੀ ਹੋਵੇਗੀ। ਵਿੱਤੀ ਲਾਭ ਸੰਭਵ ਹੈ। ਆਮਦਨੀ ਦੇ ਨਵੇਂ ਸਰੋਤ ਹੋਣ ਦੀ ਸੰਭਾਵਨਾ ਹੈ।

ਮਕਰ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਦੂਜੇ ਘਰ ਵਿੱਚ ਹੋਵੇਗਾ। ਆਪਣੀ ਬੋਲੀ ਨੂੰ ਕਾਬੂ ਕਰਨ ਨਾਲ ਤੁਹਾਨੂੰ ਬਹੁਤ ਸਾਰੀਆਂ ਮੁਸ਼ਕਲਾਂ ਤੋਂ ਬਚਣ ਵਿੱਚ ਮਦਦ ਮਿਲੇਗੀ। ਅੱਜ ਸਾਵਧਾਨੀ ਨਾਲ ਬੋਲੋ। ਕੰਮ 'ਤੇ ਕੋਈ ਪੁਰਾਣਾ ਵਿਵਾਦ ਦੁਬਾਰਾ ਉੱਠ ਸਕਦਾ ਹੈ। ਪਰਿਵਾਰਕ ਮੈਂਬਰਾਂ ਨਾਲ ਮਾਮੂਲੀ ਮਤਭੇਦ ਚਿੰਤਾ ਦਾ ਕਾਰਨ ਹੋਣਗੇ। ਤੁਹਾਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਜ਼ਰੂਰਤ ਹੋਏਗੀ। ਬਾਹਰ ਖਾਣ ਤੋਂ ਬਚੋ। ਤੁਸੀਂ ਸਟਾਕ ਜਾਂ ਸੱਟੇਬਾਜ਼ੀ ਵਿੱਚ ਨਿਵੇਸ਼ ਕਰਨ ਬਾਰੇ ਵਿਚਾਰ ਕਰ ਸਕਦੇ ਹੋ। ਤੁਸੀਂ ਮਾਨਸਿਕ ਚਿੰਤਾ ਅਤੇ ਅਸੰਤੁਸ਼ਟੀ ਦਾ ਅਨੁਭਵ ਕਰੋਗੇ। ਵਿਦਿਆਰਥੀ ਆਪਣੀ ਪੜ੍ਹਾਈ 'ਤੇ ਧਿਆਨ ਨਹੀਂ ਦੇਣਗੇ। ਬੇਲੋੜੀਆਂ ਚਿੰਤਾਵਾਂ ਰਹਿਣਗੀਆਂ। ਹਾਲਾਂਕਿ, ਦੁਪਹਿਰ ਨੂੰ ਸਥਿਤੀ ਵਿੱਚ ਸੁਧਾਰ ਹੋਵੇਗਾ। ਤੁਹਾਡਾ ਸਕਾਰਾਤਮਕ ਰਵੱਈਆ ਨੁਕਸਾਨ ਨੂੰ ਰੋਕ ਸਕਦਾ ਹੈ।

ਕੁੰਭ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਪਹਿਲੇ ਘਰ ਵਿੱਚ ਹੈ। ਅੱਜ ਤੁਹਾਡੇ ਲਈ ਖੁਸ਼ੀ ਦਾ ਦਿਨ ਹੋਵੇਗਾ। ਰਿਸ਼ਤੇਦਾਰਾਂ, ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਘਰ ਵਿੱਚ ਤਿਉਹਾਰਾਂ ਦਾ ਮਾਹੌਲ ਰਹੇਗਾ। ਤੁਸੀਂ ਸੁਆਦੀ ਭੋਜਨ ਦਾ ਆਨੰਦ ਮਾਣੋਗੇ। ਤੁਸੀਂ ਬਾਹਰ ਜਾਣ ਦੀ ਯੋਜਨਾ ਬਣਾ ਸਕਦੇ ਹੋ। ਤੁਹਾਡੀ ਪ੍ਰੇਮ ਜ਼ਿੰਦਗੀ ਉਤਸ਼ਾਹ ਨਾਲ ਭਰੀ ਹੋਵੇਗੀ। ਤੁਸੀਂ ਆਪਣੇ ਪਿਆਰੇ ਨਾਲ ਆਪਣੇ ਦਿਲ ਦੀਆਂ ਭਾਵਨਾਵਾਂ ਸਾਂਝੀਆਂ ਕਰਨ ਤੋਂ ਬਾਅਦ ਖੁਸ਼ ਮਹਿਸੂਸ ਕਰੋਗੇ। ਅੱਜ ਬਾਹਰ ਜਾਂਦੇ ਸਮੇਂ ਸਾਵਧਾਨ ਰਹੋ। ਮੌਸਮੀ ਬਿਮਾਰੀਆਂ ਦਾ ਡਰ ਰਹੇਗਾ। ਇਹ ਵਿੱਤੀ ਤੌਰ 'ਤੇ ਲਾਭਦਾਇਕ ਦਿਨ ਹੈ। ਤੁਸੀਂ ਅਧਿਆਤਮਿਕਤਾ ਅਤੇ ਚਿੰਤਨ ਵਿੱਚ ਡੂੰਘੀ ਦਿਲਚਸਪੀ ਲਓਗੇ। ਕੰਮ 'ਤੇ ਆਪਣੇ ਕੰਮ ਵਿੱਚ ਸ਼ਾਮਲ ਹੋਣ ਨਾਲ ਤੁਹਾਨੂੰ ਵੱਡੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ। ਕਾਰੋਬਾਰ ਵਿੱਚ ਵਾਧੂ ਮਿਹਨਤ ਤੁਹਾਨੂੰ ਵਧੇਰੇ ਲਾਭ ਕਮਾਉਣ ਵਿੱਚ ਮਦਦ ਕਰੇਗੀ।

ਮੀਨ – ਬੁੱਧਵਾਰ, 18 ਨਵੰਬਰ, 2026 ਨੂੰ, ਕੁੰਭ ਰਾਸ਼ੀ ਦਾ ਚੰਦਰਮਾ ਤੁਹਾਡੇ ਬਾਰ੍ਹਵੇਂ ਘਰ ਵਿੱਚ ਹੈ। ਤੁਸੀਂ ਅੱਜ ਆਪਣੇ ਸਾਰੇ ਕੰਮ ਇਕਾਗਰਤਾ ਨਾਲ ਪੂਰੇ ਕਰੋਗੇ। ਇਸ ਦੇ ਨਤੀਜੇ ਵਜੋਂ ਮਾਨਸਿਕ ਚਿੰਤਾ ਹੋਵੇਗੀ। ਤੁਹਾਡਾ ਕੰਮ 'ਤੇ ਕੰਮ ਕਰਨ ਦਾ ਮਨ ਨਹੀਂ ਲੱਗੇਗਾ। ਵਧਦਾ ਕੰਮ ਦਾ ਬੋਝ ਚਿੰਤਾ ਦਾ ਕਾਰਨ ਬਣ ਸਕਦਾ ਹੈ। ਅੱਜ ਧਾਰਮਿਕ ਗਤੀਵਿਧੀਆਂ 'ਤੇ ਪੈਸਾ ਖਰਚ ਕਰਨਾ ਪਵੇਗਾ। ਤੁਹਾਨੂੰ ਆਪਣੇ ਪਰਿਵਾਰ ਤੋਂ ਦੂਰ ਰਹਿਣਾ ਪਵੇਗਾ। ਅਦਾਲਤੀ ਮਾਮਲਿਆਂ ਵਿੱਚ ਸਾਵਧਾਨ ਰਹੋ। ਤੁਹਾਡਾ ਕਿਸੇ ਨਾਲ ਝਗੜਾ ਹੋ ਸਕਦਾ ਹੈ। ਆਪਣੀ ਬੋਲੀ ਵਿੱਚ ਸੰਜਮ ਰੱਖੋ। ਕਿਸੇ ਵੀ ਨਵੇਂ ਨਿਵੇਸ਼ ਦੇ ਸੰਬੰਧ ਵਿੱਚ ਲਾਲਚ ਤੋਂ ਬਚੋ। ਅੱਜ ਦਾ ਦਿਨ ਮਿਸ਼ਰਤ ਨਤੀਜੇ ਲਿਆਏਗਾ। ਵਿਦਿਆਰਥੀਆਂ ਨੂੰ ਵੀ ਇਹ ਆਮ ਲੱਗੇਗਾ। ਆਪਣੇ ਘਰੇਲੂ ਜੀਵਨ ਵਿੱਚ, ਤੁਹਾਨੂੰ ਆਪਣੇ ਜੀਵਨ ਸਾਥੀ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਹੋਵੇਗਾ।

ਬ੍ਰਿਟਿਸ਼ ਕੋਲੰਬੀਆ ਦਾ ਮਨੋਰੰਜਕ ਟੂਰ : ਭਾਗ 1- ਕੈਲਗਰੀ ਤੋਂ ਕੈਮਲੂਪਸ ਤੇ ਵਿਸਲਰ

ਡਾ. ਸੁਖਦੇਵ ਸਿੰਘ ਝੰਡ
ਫ਼ੋਨ: +1 647-567-9128

ਅਗਸਤ 2026 ਦੇ ਪਹਿਲੇ ਹਫ਼ਤੇ ਝੰਡ ਪਰਿਵਾਰ ਨੇ ਕੈਲਗਰੀ ਵਿੱਚ ਆਪਣਾ 'ਪਰਿਵਾਰਕ ਮੁੜ-ਮਿਲਣੀ-2026' (ਢਓਮਿਲੇ ਟੁਨਿਨ-2026) ਸਮਾਗ਼ਮ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ। ਇਸ ਸਮਾਗਮ ਦਾ ਮਕਸਦ ਝੰਡ ਪਰਿਵਾਰ ਦੇ ਮੈਂਬਰਾਂ ਨੂੰ ਆਪਸ ਵਿੱਚ ਮੁੜ ਮਿਲਾਉਣਾ ਸੀ ਅਤੇ ਇਹ ਪ੍ਰੋਗਰਾਮ ਪਰਿਵਾਰ ਦੇ ਸੀਨੀਅਰ ਮੈਂਬਰਾਂ ਵੱਲੋਂ ਲੱਗਭੱਗ ਇੱਕ ਸਾਲ ਪਹਿਲਾਂ ਉਲੀਕਿਆ ਗਿਆ ਸੀ। ਇਸ ਵਿੱਚ ਸ਼ਾਮਲ ਹੋਣ ਲਈ ਕੈਲਗਰੀ ਵਿੱਚ ਰਹਿੰਦੇ ਚਾਰ ਝੰਡ ਪਰਿਵਾਰ ਜੋ ਇਸ ਸਮਾਗ਼ਮ ਦੇ ਸਫ਼ਲ ਮੇਜ਼ਬਾਨ ਬਣੇ, ਵੱਲੋਂ ਬਰੈਂਪਟਨ, ਐਡਮੰਟਨ, ਸਡਬਰੀ, ਸਰੀ ਅਤੇ ਅਮਰੀਕਾ ਦੇ ਸ਼ਹਿਰਾਂ ਸੈਨ ਓਨਟਾਨੀਓ ਤੇ ਸੈਨਹੋਜ਼ੇ ਰਹਿੰਦੇ ਪਰਿਵਾਰਾਂ ਨੂੰ ਕਈ ਮਹੀਨੇ ਪਹਿਲਾਂ ਅਗੇਤਰਾ ਹੀ ਸੂਚਿਤ ਕੀਤਾ ਗਿਆ ਤਾਂ ਜੋ ਉਹ ਇਸ ਵਿੱਚ ਸ਼ਾਮਲ ਹੋਣ ਆਪਣੀਆਂ ਹਵਾਈ ਟਿਕਟਾਂ/ਸੜਕੀ ਸਫ਼ਰ ਦਾ ਅਗਾਊਂ ਪ੍ਰਬੰਧ ਕਰ ਸਕਣ। ਕੈਨੇਡਾ ਅਤੇ ਅਮਰੀਕਾ ਰਹਿੰਦੇ 12 ਝੰਡ ਪਰਿਵਾਰਾਂ ਵੱਲੋਂ ਇਸ ਸਮਾਗ਼ਮ ਵਿੱਚ ਸ਼ਾਮਲ ਹੋਣ ਲਈ ਤੀਬਰ ਇੱਛਾ ਦਾ ਪ੍ਰਗਟਾਵਾ ਕੀਤਾ ਗਿਆ।

ਨਿਰਧਾਰਿਤ ਪ੍ਰੋਗਰਾਮ ਅਨੁਸਾਰ ਬਹੁਤੇ ਮੈਂਬਰ ਇੱਕ-ਦੋ ਦਿਨ ਪਹਿਲਾਂ ਹੀ ਅਤੇ ਕੁਝ ਕੁ ਇਸ ਪਰਿਵਾਰਕ ਮੁੜ-ਮਿਲਣੀ ਦੇ ਪਹਿਲੀ ਅਗਸਤ ਦੀ ਸ਼ਾਮ ਨੂੰ ਪੰਜ ਵਜੇ ਹੋਣ ਵਾਲੇ ਮੁੱਖ-ਸਮਾਗ਼ਮ ਦੀ ਸਵੇਰ ਨੂੰ ਕੈਲਗਰੀ ਪਹੁੰਚ ਗਏ। ਸਮਾਗ਼ਮ ਦੇ ਪ੍ਰਬੰਧਕਾਂ (ਮੇਜ਼ਬਾਨਾਂ) ਵੱਲੋਂ ਇਹ ਸਮਾਗ਼ਮ ਇੱਕ ਖ਼ੂਬਸੂਰਤ ਰੈਸਟੋਰੈਂਟ ਦੇ ਬੇਸਮੈਂਟ ਹਾਲ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ 12 ਝੰਡ ਪਰਿਵਾਰਾਂ ਦੇ 70 ਮੈਂਬਰ ਸ਼ਾਮਲ ਹੋਏ ਅਤੇ ਲੱਗਭੱਗ ਪੰਜ ਘੰਟੇ ਚੱਲੇ ਇਸ ਸਮਾਗ

HAPPY
DIWALI & BANDI CHHOR DIVAS

May your days be filled with light, love, and endless joy.

ਦੀਵਾਲੀ ਅਤੇ ਬੰਦੀ ਛੋੜ ਦਿਵਸ

ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ।



VT INCEPIT FIDELIS SIC PERMANET

AMARJOT SANDHU
MEMBER OF PROVINCIAL PARLIAMENT
BRAMPTON WEST

P: (905) 595-1532
E: Amarjot.Sandhu@pc.ola.org
A: 10 Gillingham Dr, #309,
Brampton, ON L6X 0G6

LEGAL & BUSINESS SOLUTIONS FOR NRI'S

Property • Family • Business • Taxation Matters

ਪੰਜਾਬ ਵਿੱਚ ਜ਼ੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ

- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ

- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ

- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

Contact:
Indoworld Business Solutions
Phone: 416-840-4365
Email: info@indoworldbusinesssolutions.com

INDOWORLD BUSINESS SOLUTIONS INC.

ACCESS PERSONNEL RESOURCES INC.
TEMPORARY STAFFING AGENCY

WE ARE HIRING

Join Our Team



OPEN POSITION

- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:

The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available

Morning
Afternoon
Night

ਵੱਡੀ ਬੇਬੇ...



ਵੱਡੀ ਬੇਬੇ ਨੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਪਿੱਤਲ ਦੇ ਵੱਡੇ ਸਾਰੇ ਪਤੀਲੇ ਵਿੱਚ ਚਾਹ ਧਰ ਦੇਣੀ, ਚੁੱਲ੍ਹੇ ਵਿੱਚ ਬਾਲਣ ਡਾਹੁਦਿਆਂ ਹੀ ਉਸਨੇ ਚੌਂਕੇ ਵਿੱਚ ਬੈਠੀ ਨੇ ਅਵਾਜ਼ਾਂ ਮਾਰਨੀਆਂ ਸ਼ੁਰੂ ਕਰ ਦੇਣੀਆਂ... ਵੇ ਉੱਠ ਖੜ੍ਹੋ ਹੁਣ....ਦੇਖੋ ਕਿੱਡਾ ਦਿਨ ਚੜ੍ਹ ਆਇਆ...ਸਾਰੀ ਰਾਤ ਦੇ ਪਏ ਓ...ਕੋਈ ਕੰਮ ਵੀ ਕਰਨਾ ਕਿ ਨਹੀਂ... ਉੱਠਕੇ ਡੰਗਰ-ਵੱਛਾ ਸਾਂਭ ਲਓ... ਕੁੜੀਓ, ਤੁਸੀਂ ਵੀ ਉੱਠੋ...ਔਂਹ ਦੇਖੋ..ਬੂਰੀ ਮੱਝ ਅੜਾਟ ਪਾਈ ਜਾਂਦੀ ਆ, ਧਾਰਾਂ ਕੱਢ ਲਓ... ਕਿੰਨਾ ਚਿਰ ਹੋ ਗਿਆ ਦਿਨ ਚੜ੍ਹੇ ਨੂੰ...ਤੁਸੀਂ ਹਾਲੇ ਲੰਮੀਆਂ ਤਾਣਕੇ ਪਏ ਓ।

ਬੇਬੇ ਦੀ ਅਵਾਜ਼ ਵਿੱਚ ਰੋਅਬ ਹੁੰਦਾ ਸੀ, ਉਸਦਾ ਬੋਲ ਸੁਣਦਿਆਂ ਹੀ ਸਾਰਾ ਟੱਬਰ ਮੰਜਿਆਂ ਤੋਂ ਉੱਠਣ ਲੱਗ ਪੈਂਦਾ, ਕੋਈ ਅੱਖਾਂ ਮਲਦਾ ਪਸ਼ੂਆਂ ਵਾਲੇ ਵਾੜੇ ਵੱਲ ਤੁਰ ਜਾਂਦਾ, ਕੋਈ ਬਾਲਟੀ ਚੁੱਕਕੇ ਮੱਝਾਂ ਕੋਲ ਜਾ ਖੜ੍ਹਦਾ, ਕੋਈ ਤੂੜੀ ਵਾਲੇ ਕੋਠੇ ਵੱਲ ਹੋ ਤੁਰਦਾ 'ਤੇ ਕੋਈ ਸਿੱਧਾ ਚੌਂਕੇ ਵਿੱਚ ਬੇਬੇ ਕੋਲ ਜਾ ਪਹੁੰਚਦਾ, ਚੌਂਕੇ ਵਿੱਚੋਂ ਚਾਹ ਦੀ ਮਹਿਕ ਸਾਰੇ ਘਰ ਵਿੱਚ ਫੈਲੀ ਹੁੰਦੀ, ਬੇਬੇ ਨੇ ਇੱਕ ਹੱਥ ਨਾਲ ਚਾਹ ਪਾਉਣੀ 'ਤੇ ਦੂਜੇ ਹੱਥ ਨਾਲ ਕਿਸੇ ਨਾ ਕਿਸੇ ਨੂੰ ਕੰਮ ਯਾਦ ਕਰਵਾਉਂਦੇ ਰਹਿਣਾ, ਬੇਬੇ ਨੇ ਸਾਰਿਆਂ ਨੂੰ ਚਾਹ ਦੇ ਕੌਲੇ ਭਰ-ਭਰ ਫੜਾਉਣੇ 'ਤੇ ਨਾਲ ਹੀ ਦੋ ਚਾਰ ਮਿੱਠੀਆਂ ਝਿੜਕਾਂ ਵੀ ਦੇ ਦੇਣੀਆਂ।

ਕਈ ਵਾਰ ਅਸੀਂ ਬੇਬੇ ਨੂੰ ਕਹਿਣਾ....ਬੇਬੇ ਤੂੰ ਸਵੇਰੇ-ਸਵੇਰੇ ਰੌਲਾ ਬਹੁਤ ਪਾਉਂਨੀ ਐਂ...ਥੋੜ੍ਹਾ ਚਿਰ ਹੋਰ ਸੌਣ ਦਿਆ ਕਰ ਤਾਂ ਬੇਬੇ ਨੇ ਹੱਸਕੇ ਕਹਿਣਾ....ਵੇ ਪੁੱਤ...ਜਿਹੜੇ ਘਰਾਂ ਵਿੱਚ ਸਵੇਰੇ ਰੌਣਕ ਨਾ ਹੋਵੇ...ਉਹ ਘਰ ਘਰ ਨਹੀਂ ਹੁੰਦੇ... ਕੰਮ ਤਾਂ ਸਾਰਾ ਦਿਨ ਕਰਨਾ ਹੀ ਆ ਪਰ ਸਵੇਰ ਵੇਲੇ ਸਾਰੇ ਇਕੱਠੇ ਉੱਠਦੇ ਬੈਠਦੇ ਹੋਣ ਤਾਂ ਘਰ ਵਿੱਚ ਬਰਕਤ ਰਹਿੰਦੀ ਆ, ਉਦੋਂ ਸਾਨੂੰ ਬੇਬੇ ਦੀਆਂ ਇਹ ਗੱਲਾਂ ਆਮ ਜਿਹੀਆਂ ਲੱਗਦੀਆਂ ਸਨ, ਅਸੀਂ ਕਿੱਥੇ ਜਾਣਦੇ ਸੀ ਕਿ ਇੱਕ ਦਿਨ ਇਹ ਅਵਾਜ਼ ਸੁਣਨ ਲਈ ਸਾਡੇ ਕੰਨ ਤਰਸਣਗੇ, ਅਸੀਂ ਕਿੱਥੇ ਸੋਚਿਆ ਸੀ ਕਿ ਜਿਸ ਚੌਂਕੇ ਵਿੱਚ ਸਵੇਰੇ ਸਵੇਰੇ ਇੰਨੀ ਰੌਣਕ ਹੁੰਦੀ ਆ, ਇੱਕ ਦਿਨ ਉੱਥੇ ਚੁੱਪ ਹੋਵੇਗੀ।

ਸਮਾਂ ਲੰਘਿਆ... ਅਸੀਂ ਰੋਜ਼ੀ-ਰੋਟੀ ਦੀ ਖ਼ਾਤਰ ਆਪਣਾ ਪਿੰਡ 'ਤੇ ਆਪਣਿਆਂ ਨੂੰ ਛੱਡਕੇ ਕੈਨੇਡਾ ਆ ਗਏ....ਬੇਬੇ ਨਾਲ ਫੋਨ ਉਪਰ ਰੋਜ ਗੱਲ ਹੋ ਜਾਂਦੀ ਸੀ.... ਕਈ ਵਾਰ ਸਵੇਰੇ ਕੰਮ ਉੱਤੇ ਜਾਣ ਵੇਲੇ ਫੋਨ ਕਰਕੇ ਪੁੱਛ ਲੈਣਾ....ਬੇਬੇ ਕੀ ਕਰਦੀ ਐਂ ਤਾਂ ਉਸਨੇ ਆਂਗੋਂ ਕਹਿਣਾ....ਵੇ ਪੁੱਤ....ਹੋਰ ਕੀ ਕਰਨਾ ਹੁਣ ਤਾਂ ਬੁੱਢੀ ਹੋ ਗਈ ਆਂ....ਬੈਠੀ ਰਹਿੰਨੀ ਆਂ..... ਤੂੰ ਆਪਣਾ ਖਿਆਲ ਰੱਖੀਂ..... ਬਹੁਤਾ ਕੰਮ ਨਾ ਕਰਿਆ ਕਰ...ਸਮੇਂ ਸਿਰ ਰੋਟੀ ਖਾ ਲਿਆ ਕਰ...ਸਾਨੂੰ ਉਸ ਵੇਲੇ ਵੀ ਪਤਾ ਨਹੀਂ ਸੀ ਕਿ ਬੇਬੇ ਦੇ ਇਹ ਬੋਲ ਇੱਕ ਦਿਨ ਸਾਡੀ ਜ਼ਿੰਦਗੀ ਦੀ ਸਭ ਤੋਂ ਕੀਮਤੀ ਯਾਦ ਬਣ ਜਾਣਗੇ।

ਤਿੰਨ ਸਾਲ ਹੋ ਗਏ ਬੇਬੇ ਨੂੰ ਇਸ ਦੁਨੀਆਂ ਤੋਂ ਗਿਆਂ.... ਉਸਦੇ ਜਾਣ ਨਾਲ ਜਿਵੇਂ ਸਾਡੇ ਘਰ ਦੀ ਸਵੇਰ ਹੀ ਮੁੱਕ ਗਈ ਹੋਵੇ ਹੁਣ ਪਿੰਡ ਵਾਲੇ ਘਰ ਵਿੱਚ ਵੀ ਉਹ ਪਹਿਲਾਂ ਵਰਗੀ ਰੌਣਕ ਨਹੀਂ ਰਹੀ ਨਾ ਉਹ ਪਿੱਤਲ ਦਾ ਪਤੀਲਾ ਚੁੱਲ੍ਹੇ ਉੱਤੇ ਚੜ੍ਹਦਾ ਹੈ 'ਤੇ ਨਾ ਹੀ ਚੌਂਕੇ ਵਿੱਚੋਂ ਕੋਈ ਉੱਚੀ ਅਵਾਜ਼ ਮਾਰਦਾ.... ਨਾ ਹੀ ਕੋਈ ਕਹਿੰਦਾ....ਵੇ ਉੱਠ ਖੜ੍ਹੋ...ਦਿਨ ਚੜ੍ਹ ਆਇਆ....ਹੁਣ ਕੈਨੇਡਾ ਵਿੱਚ ਸਵੇਰੇ ਮੋਬਾਈਲ ਦਾ ਅਲਾਰਮ ਵੱਜਦਾ ਹੈ...ਅੱਖ ਖੁੱਲ੍ਹਦਿਆਂ ਹੀ ਸਭਤੋਂ ਪਹਿਲਾਂ ਘੜੀ ਵੱਲ ਦੇਖੀਦਾ ਹੈ...ਫਿਰ ਤਿਆਰ ਹੋਕੇ ਕੰਮ ਉੱਤੇ ਜਾਣ ਦੀ ਕਾਹਲ ਪੈ ਜਾਂਦੀ ਹੈ... ਬੇਬੇ ਦੇ ਬਣਾਏ ਦੁੱਧ ਵਾਲੀ ਚਾਹ ਦੇ ਕੌਲੇ ਦੀ ਥਾਂ ਹੁਣ ਟਿਮ ਹੌਰਟਨਜ਼ ਦੀ ਕੌਫੀ ਨੇ ਲੈ ਲਈ ਹੈ.... ਕੌਫੀ ਦਾ ਕੱਪ ਹੱਥ ਵਿੱਚ ਫੜਕੇ ਕਾਰ ਵਿੱਚ ਬੈਠ ਜਾਈਦਾ ਪਰ ਉਹ ਚੌਂਕੇ ਵਾਲੀ ਚਾਹ ਦੀ ਮਹਿਕ ਕਿਤੇ ਨਹੀਂ ਮਿਲਦੀ।

ਕਈ ਵਾਰ ਸਵੇਰੇ ਅਲਾਰਮ ਵੱਜਣ ਤੋਂ ਪਹਿਲਾਂ ਹੀ ਅੱਖ ਖੁੱਲ੍ਹ ਜਾਂਦੀ ਹੈ... ਦਿਲ ਕਰਦਾ ਹੈ ਕਿ ਕੋਈ ਅਵਾਜ਼ ਮਾਰੇ.... ਆਖੇ.....ਵੇ ਪੁੱਤ....ਉੱਠ ਜਾਹ....ਕਿੰਨਾ ਚਿਰ ਸੌਂਦਾ ਰਹੇਂਗਾ... ਕੋਈ ਪੁੱਛੇ ਕਿ ਰੋਟੀ ਖਾਧੀ ਕਿ ਨਹੀਂ...ਫ਼ਿਕਰ ਕਰੇ ਕਿ ਠੰਢ ਬਹੁਤ ਆ.... ਗਰਮ ਕੱਪੜੇ ਪਾਕੇ ਜਾਵੀਂ...ਪਰ ਹੁਣ ਅਵਾਜ਼ ਕੌਣ ਮਾਰੇ....ਕਈ ਵਾਰ ਸੋਚਦਾ ਹਾਂ ਕਿ ਜੇ ਅੱਜ ਬੇਬੇ ਜਿਉਂਦੀ ਹੁੰਦੀ ਤਾਂ ਉਸ ਨਾਲ ਕਿੰਨੀਆਂ ਗੱਲਾਂ ਕਰਨੀਆਂ ਸਨ....ਉਸਨੂੰ ਦੱਸਣਾ ਸੀ ਕਿ ਬੇਬੇ ਤੇਰੀਆਂ ਝਿੜਕਾਂ ਵੀ ਕਿੰਨੀਆਂ ਪਿਆਰੀਆਂ ਸਨ, ਤੇਰੇ ਹੱਥ ਦੀ ਚਾਹ ਦਾ ਸੁਆਦ ਅੱਜ ਤੱਕ ਕਿਸੇ ਹੋਰ ਚਾਹ ਵਿੱਚੋਂ ਨਹੀਂ ਲੱਭਿਆ, ਤੇਰੇ ਚੌਂਕੇ ਵਿੱਚ ਬੈਠਕੇ ਚਾਹ ਪੀਣ ਦਾ ਜਿਹੜਾ ਸੁਆਦ ਸੀ ਉਹ ਇੱਥੇ ਡਾਲਰ ਕਮਾਕੇ ਵੀ ਨਹੀਂ ਮਿਲਿਆ।

ਅੱਜ ਵੀ ਜਦੋਂ ਕਿਤੇ ਪਿੰਡ ਦੀ ਸਵੇਰ ਦੀ ਫੋਟੋ ਅੱਖਾਂ ਸਾਹਮਣੇ ਆਉਂਦੀ ਹੈ ਤਾਂ ਚੌਂਕਾ, ਚੁੱਲ੍ਹਾ, ਪਿੱਤਲ ਦਾ ਪਤੀਲਾ, ਦੁੱਧ ਦੀਆਂ ਬਾਲਟੀਆਂ, ਮੱਝਾਂ ਦੇ ਅੜਾਟ 'ਤੇ ਬੇਬੇ ਦੀ ਅਵਾਜ਼ ਕੰਨਾਂ ਵਿੱਚ ਗੂੰਜਣ ਲੱਗਦੀ ਹੈ, ਦਿਲ ਕਰਦਾ ਹੈ ਕਿ ਇੱਕ ਵਾਰ ਫਿਰ ਉਹ ਹੀ ਸਵੇਰ ਹੋਵੇ, ਪੁਰਾਣਾ ਵਿਹੜਾ ਹੋਵੇ ਅਸੀਂ ਸਾਰੇ ਆਪਣੇ ਘਰ ਹੋਈਏ 'ਤੇ ਬੇਬੇ ਚੌਂਕੇ ਵਿੱਚ ਬੈਠੀ ਅਵਾਜ਼ਾਂ ਮਾਰ ਰਹੀ ਹੋਵੇ...ਪਰ ਅਫ਼ਸੋਸ...ਨਾ ਤਾਂ ਹੁਣ ਉਹ ਸਵੇਰਾਂ ਮੁੜਕੇ ਆਉਣੀਆਂ ਨੇ 'ਤੇ ਨਾ ਹੀ ਉਹ ਅਵਾਜ਼....ਸੱਚ ਤਾਂ ਇਹ ਹੈ ਕਿ ਅਸੀਂ ਕੈਨੇਡਾ ਆਕੇ ਆਪਣਾ ਰਹਿਣ-ਸਹਿਣ ਬਦਲ ਲਿਆ ਪਰ ਜਿਹੜੀ ਸਵੇਰ ਬੇਬੇ ਦੀ ਅਵਾਜ਼ ਨਾਲ ਸ਼ੁਰੂ ਹੁੰਦੀ ਸੀ ਉਹ ਸਵੇਰ ਅੱਜ ਤੱਕ ਸਾਡੀ ਜ਼ਿੰਦਗੀ ਵਿੱਚ ਮੁੜਕੇ ਨਹੀਂ ਆਈ।

ਕੁਝ ਲੋਕਾਂ ਦੀ ਅਹਿਮੀਅਤ ਸਾਨੂੰ ਉਨ੍ਹਾਂ ਦੇ ਜਿਉਂਦੇ ਜੀਅ ਕਦੇ ਸਮਝ ਨਹੀਂ ਆਉਂਦੀ.... ਜਦੋਂ ਉਹ ਚਲੇ ਜਾਂਦੇ ਹਨ ਤਾਂ ਪਤਾ ਲੱਗਦਾ ਹੈ ਕਿ ਉਹ ਸਿਰਫ਼ ਘਰ ਦਾ ਇੱਕ ਜੀਅ ਨਹੀਂ ਸਨ ਸਗੋਂ ਪੂਰਾ ਘਰ ਸਨ... ਹੁਣ ਤਾਂ ਬਸ ਇਹ ਅਰਦਾਸ ਹੈ ਕਿ ਜਿਨ੍ਹਾਂ ਦੇ ਘਰਾਂ ਵਿੱਚ ਅਜੇ ਵੀ ਬੇਬੇ ਦੀ ਅਵਾਜ਼ ਗੂੰਜਦੀ ਹੈ ਉਹ ਉਸ ਅਵਾਜ਼ ਦੀ ਕਦਰ ਕਰਨ...ਉਸਦੀਆਂ ਝਿੜਕਾਂ ਨੂੰ ਵੀ ਪਿਆਰ ਸਮਝਣ...ਉਸਦੇ ਹੱਥ ਦੀ ਚਾਹ ਦਾ ਸੁਆਦ ਮਾਣਨ 'ਤੇ ਉਸਦੇ ਕੋਲ ਬੈਠਕੇ ਦੋ ਗੱਲਾਂ ਕਰ ਲਿਆ ਕਰਨ ਕਿਉਂਕਿ ਜਦੋਂ ਬੇਬੇ ਤੁਰ ਜਾਂਦੀ ਹੈ ਨਾ ਫਿਰ ਘਰ ਵਿੱਚ ਅਲਾਰਮ ਤਾਂ ਵੱਜਦੇ ਰਹਿੰਦੇ ਹਨ ਪਰ ਵਾਜਾਂ ਮਾਰਕੇ ਜਗਾਉਣ ਵਾਲੀ ਅਵਾਜ਼ ਸਦਾ ਲਈ ਚੁੱਪ ਹੋ ਜਾਂਦੀ ਹੈ।

ਅਵਤਾਰ ਸਿੰਘ ਧਾਲੀਵਾਲ

"ਕਹਾਣੀ-ਬੇਬੀ"...



ਸੀਰਤ ਦੇ ਵੀ ਹਰ ਕੁੜੀ ਵਾਂਗ ਬਹੁਤ ਸਾਰੇ ਚਾਅ ਸੀ ਵਿਆਹ ਮਗਰੋਂ। ਵਿਆਹ ਤੋਂ ਪਹਿਲਾਂ ਜਦੋਂ ਵੀ ਉਹ ਸਹੇਲੀਆਂ ਨਾਲ ਕੀਤੇ ਘੁੰਮਣ ਜਾਣ ਦੀ ਗੱਲ ਕਰਦੀ ਮਾਂ-ਬਾਪ ਟਾਲ ਦਿੰਦੇ। ਜਿੱਥੇ ਘੁੰਮਣਾ ਜਿੱਥੇ ਜਾਣਾ ਵਿਆਹ ਮਗਰੋਂ ਜਾਵੀਂ। ਵਿਆਹ ਹੋਇਆ ਨਵਜੋਤ ਦਾ ਸੁਭਾਅ ਵੀ ਬੜਾ ਵਧੀਆ ਸੀ। ਪਰ ਮਹੀਨੇ ਕੁ ਮਗਰੋਂ ਹੀ ਉਸਨੇ ਕਹਿਣਾ ਸ਼ੁਰੂ ਕਰ ਦਿੱਤਾ। ਸਾਨੂੰ ਹੁਣ ਬੇਬੀ ਪਲੈਨ ਕਰ ਲੈਣਾ ਚਾਹੀਦਾ। ਪਾਰ ਸੀਰਤ ਇਹ ਨਹੀਂ ਸੀ ਚਾਹੁੰਦੀ। ਉਹ ਸੋਚ ਰਹੀ ਸੀ ਕਿ ਹਲੇ 2-3 ਸਾਲ ਕਿਸੇ ਜਿੰਮੇਵਾਰੀ ਤੋਂ ਦੂਰ ਰਹਿਕੇ ਕੱਠਿਆਂ ਜ਼ਿੰਦਗੀ ਮਾਣੀ ਜਾਵੇ ,ਘੁੰਮਿਆ ਜਾਵੇ ਤੇ ਚਾਅ ਪੂਰੇ ਕੀਤੇ ਜਾਣ। ਬੱਚੇ ਦੀ ਜਿੰਮੇਵਾਰੀ ਮਗਰੋਂ ਉਲਝੀਆਂ ਉਸਨੇ ਆਪਣੀਆਂ ਸਹੇਲੀਆਂ ਵੇਖੀਆਂ ਸੀ।

"ਨਵਜੋਤ ਮੈਂ ਅਜੇ ਬੇਬੀ ਨਹੀਂ ਚਾਹੁੰਦੀ, ਕਿ ਆਪਾਂ ਦੋ ਸਾਲ ਰੁੱਕ ਨੀ ਸਕਦੇ ?"

"ਦੇਖ ਮੰਮੀ ਚਾਹੁੰਦੇ ਆ ਕਿ ਉਹ ਛੇਤੀ ਆਪਣੇ ਪੋਤੇ ਦਾ ਮੂੰਹ ਵੇਖ ਲੈਣ। " ਜੇ ਤੂੰ ਮੰਮੀ ਨੂੰ ਸਮਝਾ ਸਕਦੀ ਏ ਤਾਂ ਗੱਲ ਕਰਲਾ। ਮੈਂ ਤੈਨੂੰ ਕੁਝ ਨਹੀਂ ਕਹਿੰਦਾ। " ਰਾਤ ਦੀ ਰੋਟੀ ਖਾਂਦੇ ਸੀਰਤ ਨੇ ਫਿਰ ਗੱਲ ਛੇੜ ਲਈ ਸੱਸ ਦੇ ਅੱਗੇ।

"ਮੰਮੀ ਮੈਂ ਅਜੇ ਬੇਬੀ ਨਹੀਂ ਚਾਹੁੰਦੀ। "

ਸੱਸ ਨੇ ਪਹਿਲਾਂ ਸੀਰਤ ਵੱਲ ਤੱਕਿਆ ਫਿਰ ਨਵਜੋਤ ਵੱਲ ਫਿਰ ਬੜੇ ਪਿਆਰ ਨਾਲ ਬੋਲੀ।

ਦੇਖ ਧੀਏ , ਨਵਜੋਤ ਦਾ ਕੰਮ ਐਵੇ ਦਾ ਕਿ ਘਰੋਂ ਗਿਆ ਤਾਂ ਪੰਦਰਾਂ-ਪੰਦਰਾਂ ਨੀ ਮੁੜਦਾ। ਬੱਚੇ ਨਾਲ ਤੇਰਾ ਦਿਲ ਪਰਚਿਆ ਰਹੂ। ਨਹੀਂ ਤਾਂ ਤੀਂਵੀ ਮਾਨੀ ਦਾ ਮਨ ਐਵੇਂ "ਭਟਕ" ਜਾਂਦਾ।

ਸੀਰਤ ਦੇ ਹੱਥੋਂ ਰੋਟੀ ਦੀ ਬੁਰਕੀ ਛੁੱਟ ਗਈ। ਉਸਨੇ ਨਵਜੋਤ ਵੱਲ ਵੇਖਿਆ ਜਿਵੇਂ ਇਸ ਵਿਚਾਰ ਚ ਉਸਦੀ ਸਹਿਮਤੀ ਹੋਵੇ। ਉਹ ਪੁੱਛਣਾ ਚਾਹੁੰਦੀ ਸੀ ਕਿ ਨਵਜੋਤ ਤੋਂ ਦੂਰ ਰਹਿਕੇ ਜੇ ਉਸਦਾ ਮਨ ਭਟਕ ਸਕਦਾ ਤਾਂ ਉਸ ਕੋਲੋਂ ਦੂਰ ਰਹਿਕੇ ਨਵਜੋਤ ਦਾ ਕਿਉਂ ਨਹੀਂ...? ਸ਼ਬਦ ਉਸਦੇ ਗਲੇ ਚ ਆ ਕੇ ਅਟਕ ਗਏ।

ਹਰਜੋਤ ਸਿੰਘ

LEGAL SERVICES & IMMIGRATION MATTERS

ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8

Mississauga: 7035 Maxwell Rd., Suite# 203, Mississauga, ON L5S 1R5

ੴ ਸਤਿਗੁਰ ਪ੍ਰਸਾਦਿ॥

ਸਮੂਹ ਸੰਗਤਾਂ ਨੂੰ ਗੁਰ ਪੁਰਬ ਦੀ ਲੱਖ-ਲੱਖ ਵਧਾਈ ਹੋਵੇ

ਉਨਟਾਰੀਓ ਖਾਲਸਾ ਦਰਬਾਰ

7080 ਡਿਕਸੀ ਰੋਡ, ਗੁਰਦੁਆਰਾ ਸਾਹਿਬ, ਮਿਸੀਸਾਗਾ

ਵਿਖੇ 22,23,24 ਨਵੰਬਰ 2026,

ਦਿਨ ਐਤਵਾਰ, ਸੋਮਵਾਰ ਅਤੇ ਮੰਗਲਵਾਰ ਨੂੰ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 557ਵਾਂ ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ: 22 ਨਵੰਬਰ 2026, ਦਿਨ ਐਤਵਾਰ, ਸਵੇਰੇ 9 ਵਜੇ
ਭੋਗ ਸ੍ਰੀ ਆਖੰਡ ਪਾਠ ਸਾਹਿਬ ਜੀ: 24 ਨਵੰਬਰ, ਦਿਨ ਮੰਗਲਵਾਰ, ਸਵੇਰੇ 10 ਵਜੇ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਉਨਟਾਰੀਓ ਖਾਲਸਾ ਦਰਬਾਰ ਦਾ 54ਵਾਂ ਸਥਾਪਨਾ ਦਿਵਸ ਅਤੇ ਗੁਰਪੁਰਬ ਬੜੀ ਧੂਮ-ਧਾਮ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। 24 ਨਵੰਬਰ ਦਿਨ ਮੰਗਲਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜਣਗੇ ਜਿਸ ਵਿਚ ਪੰਥ ਦੇ ਉਘੇ ਰਾਗੀ, ਢਾਡੀ ਤੇ ਕਥਾਵਾਚਕ ਰਾਤ ਦੇ 10 ਵਜੇ ਤੱਕ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ।



ਸਾਰੇ ਪ੍ਰੋਗਰਾਮ ਲਾਇਵ ਕੀਤੇ ਜਾਣਗੇ ਤੇ ਨਾਲੋ ਨਾਲ ਸਾਰੇ ਪ੍ਰੋਗਰਾਮਾਂ ਨੂੰ ਫੇਸਬੁੱਕ ਅਤੇ ਯੂ ਟਿਊਬ ਤੇ ਲਾਇਵ ਵੇਖਿਆ ਜਾ ਸਕੇਗਾ।

ਸਮੂਹ ਸੰਗਤਾਂ ਨੂੰ ਉਪਰੋਕਤ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ 905-670-3311 ਤੇ ਫੋਨ ਕਰੋ ਜੀ।
ਪ੍ਰਾਰਥਕ: ਪ੍ਰਬੰਧਕ ਕਮੇਟੀ, ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਗੁਰਦੁਆਰਾ ਸਾਹਿਬ

ਬੀਰਾਂ ਦੀਆਂ ਧਾਹਾਂ ਨਿੱਕਲ ਗਈਆਂ,

ਮਾਂ ਮੰਜੇ 'ਤੇ ਅਹਿੱਲ ਪਈ ਸੀ

"ਮਾਂ... ਮਾਂ... ਉੱਠ ਮਾਂ, ਮਾਂ ਇੱਕ ਵਾਰੀ ਤਾਂ ਦੇਖ।" ਉਸ ਨੇ ਮਾਂ ਨੂੰ ਦੋ-ਤਿੰਨ ਵਾਰ ਹਲੂਣਾ ਦਿੱਤਾ ਪਰ ਮਾਂ ਤਾਂ ਜਣੀ ਕਦੋਂ ਦੀ ਬੇਖ਼ਬਰ ਲੰਮੀਆਂ ਵਾਟਾਂ 'ਤੇ ਹੋ ਤੁਰੀ ਸੀ। ਮਾਂ ਦੇ ਕੋਲ ਕੌਲੀ, ਚਮਚਾ, ਪੰਨੇ 'ਚ ਕੁੱਝ ਗੋਲੀਆਂ ਅਤੇ ਪਲਾਸਟਿਕ ਦਾ ਮੇਜ਼ ਪਏ ਸਨ। ਖਿੱਲਰੀਆਂ ਗੋਲੀਆਂ ਅਤੇ ਡੁੱਲ੍ਹਿਆ ਹੋਇਆ ਪਾਣੀ ਮਾਂ ਦੇ ਆਖ਼ਰੀ ਪਲਾਂ ਦੀ ਵਿਥਿਆ ਦੱਸਣ ਲਈ ਕਾਫ਼ੀ ਸੀ। ਲਿਫ਼ੇ ਹੋਏ ਮੰਜੇ 'ਤੇ ਮਾਂ ਦਾ ਇੱਕ ਪੈਰ ਦੌਣ 'ਚੋਂ ਹੇਠਾਂ ਲਮਕ ਰਿਹਾ ਸੀ ਤੇ ਦੂਜਾ ਪੈਰ ਸੇਰੂਏ ਦੇ ਉੱਤੇ ਸੀ। ਖੱਬੇ ਪੈਰ ਦੇ ਅੰਗੂਠੇ 'ਤੇ ਮਾਂ ਨੇ ਕਾਲ਼ੇ ਰੰਗ ਦਾ ਧਾਗਾ ਚਾਰ-ਪੰਜ ਵਟੇ ਦੇ ਕੇ ਬੰਨ੍ਹਿਆ ਹੋਇਆ ਸੀ। ਮਾਂ ਨੂੰ ਬੀਰਾਂ ਨੇ ਕਈ ਵਾਰ ਕਿਹਾ ਸੀ,

"ਮਾਂ ਇਹ ਧਾਗੇ-ਤਵੀਤ ਕਿਉਂ ਬੰਨ੍ਹਦੀ ਹੁੰਨੀ ਆਂ? ਇਹ ਕੀ ਪ੍ਰੇਤ ਬੰਨ੍ਹਿਆ ?"

"ਨੀ ਨਹੀਂ, ਆਹ ਮੱਚੜਾ ਗੋਡਾ ਦੁਖਦਾ, ਤੁਰਿਆ ਨੀਂ ਜਾਂਦਾ, ਤੇਰਾ ਮਾਮਾ ਆਹ ਕਾਲ਼ਾ ਧਾਗਾ ਕਰਕੇ ਦੇ ਕੇ ਗਿਆ ਸੀ। ਕਹਿੰਦਾ ਸੀ ਭੈਣੇ ਪੁੰਨਿਆ ਨੂੰ ਕੱਚੀ ਲੱਸੀ 'ਚ ਭਿਉਂ ਕੇ ਸੱਤ ਵਾਰ ਆਵਦੇ ਉੱਤੋਂ ਦੀ ਚੁਹਾ ਕੇ ਸੂਰਜ ਵੱਲ ਮੂੰਹ ਕਰਕੇ ਬੰਨ੍ਹ ਲਵੀਂ। ਗਿੱਟੇ-ਗੋਡੇ ਉਮਰ ਭਰ ਨਹੀਂ ਦੁਖਣੇ। ਭਾਈ ਮੈਨੂੰ ਤਾਂ ਸਹੁੰ ਵੀਰਾਂ ਦੀ, 'ਰਾਮ ਆ ਓਦੇਂ ਦਾ।"

ਮਾਂ ਜਦੋਂ ਇਹ ਗੱਲ ਦੱਸਦੀ ਤਾਂ ਉਸ ਦੀਆਂ ਉਮੰਗਾਂ ਖਿੜ-ਖਿੜ ਜਾਂਦੀਆਂ। ਨੈਣਾਂ ਦਾ ਪਾਣੀ ਸੰਧੂਰੀ ਭਾਅ ਮਾਰਨ ਲੱਗ ਜਾਂਦਾ। ਮਾਂ ਬਚਪਨ 'ਚੋਂ ਹੁੰਦੀ ਹੋਈ ਜਵਾਨੀ ਦੀਆਂ ਖ਼ੂਬਸੂਰਤ ਵਾਦੀਆਂ 'ਚ ਗੁਆਚ ਜਾਂਦੀ।

ਮਾਂ ਦਾ ਪੇਕਾ ਪਿੰਡ ਛਿਪਦੇ ਵੱਲ ਚੰਦਭਾਨ ਸੀ। ਉਹ ਤਿੰਨ ਭਰਾਵਾਂ ਦੀ ਵੱਡੀ ਭੈਣ ਅਤੇ ਆਪਣੀ ਬਰਾਦਰੀ ਦੇ ਪੰਜ-ਛੇ ਘਰਾਂ 'ਚ ਉਹ ਇਕੱਲੀ ਕੁੜੀ ਸੀ। ਲਾਡਲੀ ਹੋਣ ਕਰਕੇ ਕੋਈ ਵੀ ਉਸ ਦਾ ਮੂੰਹ ਨਹੀਂ ਸੀ ਫਿਟਕਾਰਦਾ। ਉਨ੍ਹਾਂ ਦੇ ਘਰ ਤੋਂ ਇੱਕ ਘਰ ਸੰਨ੍ਹ ਛੱਡ ਕੇ ਉਸ ਦੀ ਵੱਡੀ ਮਾਸੀ ਬੁੱਧਾਂ ਦਾ ਘਰ ਸੀ



ਬੁੱਧਾਂ ਦੇ ਆਵਦੇ ਕੋਈ ਔਲਾਦ ਨਹੀਂ ਸੀ। ਉਹ ਸ਼ਿੰਦੋ (ਮਾਂ) ਨੂੰ ਹੀ ਆਪਣੀ ਧੀ ਆਖਦੀ ਸੀ। ਮਾਂ ਸਾਰਾ ਦਿਨ ਮਾਸੀ ਦੇ ਘਰੇ ਦਰਵਾਜ਼ੇ ਵਿੱਚ ਖੱਡੀ 'ਤੇ ਖੇਸ ਬੁਣਦੀ ਰਹਿੰਦੀ। ਮਾਂ ਭਰ ਜਵਾਨ ਹੋਈ ਤਾਂ ਲੋਹੜਿਆਂ ਦਾ ਰੰਗ-ਰੂਪ ਡੁੱਲ-ਡੁੱਲ ਪੈਂਦਾ। ਜਾਗਦੇ ਸਪਨੇ ਗੁਲਾਬੀ ਹੋਣ ਲੱਗੇ। ਬਸੰਤ ਰੁੱਤੇ ਖਿੜੇ ਫੁੱਲਾਂ ਦੀ ਵਾਸ਼ਨਾ ਦੂਰ ਤੱਕ ਫੈਲ ਜਾਂਦੀ ਹੈ। ਫੁੱਲਾਂ ਉੱਤੇ ਭੌਰਿਆਂ ਦੀ ਭਿਣਭਣਾਹਟ ਵਾਲਾ ਸੰਗੀਤ ਸ਼ਰਾਬੀ ਹੋ ਜਾਂਦਾ ਹੈ। ਜੈਲੇ ਕੇ ਲੱਗੇ ਸੀਰੇ ਦਾ ਰਾਹ ਬੱਧਾਂ ਦੇ ਘਰ ਮੁਹਰਦੀ ਹੋ ਗਿਆ।

ਵੇਲੇ-ਕੁਵੇਲੇ ਸੀਰਾ ਆ ਕੇ ਕਹਿ ਜਾਂਦਾ, "ਤਾਈ, ਜੇ ਪੱਠਿਆਂ ਦੀ ਲੋੜ ਹੋਵੇ ਤਾਂ ਨਿਆਈਂ 'ਚੋਂ ਵੱਢ ਲਿਆਇਓ। ਜੇਜੂ ਹੁੰਦਾ ਉੱਥੇ ਮਜ਼ਬੀਆਂ ਦਾ। ਮੈਂ ਆਪੇ ਕਹਿ ਦੂੰ।"

ਸੀਰਾ ਇਹ ਕਹਿੰਦਾ-ਕਹਿੰਦਾ ਕੰਧੋਲੀ ਕੋਲ ਜਾ ਖੜ੍ਹਦਾ, ਜਿੱਥੇ ਸ਼ਿੰਦ ਕਈ ਵਾਰ ਸੁਆਹ ਨਾਲ ਭਾਂਡੇ ਮਾਂਜ ਰਹੀ ਹੁੰਦੀ। ਕੁਣੱਖੀ ਅੱਖ ਨਾਲ ਉਹ ਸ਼ਿੰਦੋ ਨੂੰ ਤਾੜਦਾ ਤੇ ਫੇਰ ਖਚਰੀ ਹਾਸੀ ਹੱਸਦਾ।

ਹੁਣ ਸ਼ਿੰਦੋ ਆਪਣੀ ਮਾਂ ਤੇ ਮਾਸੀ ਨਾਲ ਖੇਤੋਂ ਕੱਖ-ਪੱਠੇ ਖੋਤਣ ਚਲੀ ਜਾਂਦੀ । ਸੀਰਾ ਨਿਆਈਂ 'ਚ ਕਈ ਵਾਰ ਮੋਟਰ 'ਤੇ ਪਾਣੀ ਲਾ ਰਿਹਾ ਹੁੰਦਾ। ਉੱਚੀ ਆਵਾਜ਼ ਮਾਰਦਾ, "ਤਾਈ, ਆਪਣੇ ਪੱਠੇ ਬਹੁਤ ਨੇ, ਐਥੋਂ ਲੈ ਜੋ।"

ਉਸ ਦਿਨ ਉਨ੍ਹਾਂ ਨੂੰ ਪੱਠੇ ਖੋਤਣੇ ਨਾ ਪੈਂਦੇ ਤੇ ਸ਼ਿੰਦੋ ਪਾਣੀ ਪੀਣ ਦੇ ਬਹਾਨੇ ਇੱਕ-ਦੋ ਗੇੜੇ ਮੋਟਰ 'ਤੇ ਲਾ ਆਉਂਦੀ।

ਸ਼ਿੰਦੋ ਹੁਣ ਸੁਰਮਾ ਮਟਕਾਉਣਾ ਸਿੱਖ ਗਈ ਸੀ। ਇੱਕ ਦਿਨ ਭੂਆ ਆਈ ਹੋਈ ਸੀ ਫ਼ ਸੀਰਾ ਸਿੱਧਾ ਕੰਧੋਲੀ ਕੋਲ ਜਾ ਖੜ੍ਹਿਆ, ਜਿੱਥੇ ਸ਼ਿੰਦੋ ਆਟਾ ਗੁੰਨ੍ਹ ਰਹੀ ਸੀ। ਉਹਨੇ ਸ਼ਰਾਬੀ ਜਿਹੇ ਲਹਿਜ਼ੇ 'ਚ ਕਿਹਾ, "ਕੀ ਹਾਲ ਆ ਪਟੋਲਿਆ ?"

"ਚੁੱਪ ਕਰ, ਭੂਆ ਆਈ ਹੋਈ ਆ।" ਸ਼ਿੰਦੋ ਨੇ ਪਿਆਰ ਦੀ ਘੂਰੀ ਵੱਟ ਕੇ ਕਿਹਾ।

"ਲੈ ਮੈਨੂੰ ਸੁਪਨੇ ਆਉਂਦੇ ਆ ਤੇਰੀ ਭੂਆ ਆਈ ਦੇ ? ਚੱਲ ਕੋਈ ਨਾ, ਭੂਆ ਵੀ ਆਵਦੀ ਆ, ਕਿਹੜਾ।" ਆਂਧੀ ਗੱਲ ਸੀਰੇ ਦੇ ਮੂੰਹ 'ਚ ਰਹਿ ਗਈ।

"ਹਾਂ ਭਾਈ, ਜਿਉਣ ਜੋਗਿਆ, ਕਿਹੜੇ ਘਰਾਂ 'ਚੋਂ ਆਂ? ਮੈਨੂੰ ਸਿਆਣ ਨੀ ਆਈ ?" ਭੂਆ ਵਰਾਂਡੇ ਵਿੱਚੋਂ ਉੱਠ ਕੇ ਬਾਹਰ ਆ ਗਈ।

ਚਾਚੀ ਨੇ ਮਾਂ ਦੇ ਮੰਜੇ ਨਾਲ ਗੁੰਮ-ਸੁੰਮ ਬੈਠੀ ਬੀਰਾਂ ਨੂੰ ਹਲੂਣਾ ਦਿੱਤਾ, "ਲੈ ਧੀਏ, ਨਵਾ ਦੀਏ ਹੁਣ, ਕੌਣੀ ਵਾਲੇ ਵੀ ਆ ਗੇ।"

ਬੀਰਾਂ ਇਕਦਮ ਝੁੰਜਲਾਈ। ਮਾਂ (ਸ਼ਿੰਦੋ) ਅਹਿੱਲ ਪਈ ਸੀ। ਮਾਂ ਦਾ ਮੰਜਾ ਚੁੱਕ ਕੇ ਲੈ ਗਏ। ਬੀਰਾਂ ਫੇਰ ਪਿੱਛੇ ਵੱਲ ਮੁੜ ਗਈ।

ਭੂਆ ਨੇ ਸ਼ਿੰਦੋ ਵਾਸਤੇ ਮੁੰਡਾ ਦੇਖਿਆ ਅਤੇ ਆਪਣੇ ਭਰਾ ਨੂੰ ਸਾਕ ਕਰਨ ਲਈ ਮਨਾ ਲਿਆ ਪਰ ਮਾਸੀ ਬੁੱਧਾਂ ਨੇ ਤਾਂ ਕਿਤੇ ਹੋਰ ਹੀ ਸ਼ਿੰਦੋ ਦੇ ਰਿਸ਼ਤੇ ਨੂੰ ਹਾਂ ਕਰ ਰੱਖੀ ਸੀ। ਭੂਆ ਸਾਕ ਲੈ ਗਈ। ਸ਼ਿੰਦੋ ਦੇ ਘਰਵਾਲਾ ਮੁੰਡਾ ਬੜਾ ਸਾਊ, ਛੈਲ ਤੇ ਸੁਰੱਖਾ ਸੀ। ਵਿਆਹ ਵਾਲੇ ਦਿਨ ਜਦੋਂ ਸ਼ਿੰਦੋ ਦੀ ਡੋਲੀ ਤੁਰੀ ਤਾਂ ਉਸ ਨੂੰ ਲੱਗਿਆ, ਜਿਵੇਂ ਉਸ ਨੂੰ ਜੇਲ੍ਹ 'ਚ ਲਿਜਾ ਰਹੇ ਹੋਣ। ਉਹ ਆਪਣੀ ਮਾਂ, ਮਾਸੀ, ਭਰਾਵਾਂ ਦੇ ਗਲ ਲੱਗ ਉੱਚੀ-ਉੱਚੀ ਰੋ ਰਹੀ ਸੀ ਤੇ ਹਉਕੇ ਭਰ ਰਹੀ ਸੀ।

ਸ਼ਿੰਦੋ ਨੂੰ ਡੋਲੀ 'ਚੋਂ ਲਾਹਿਆ, "ਹੈਂ, ਭੂਆ ਤਾਂ ਕਹਿੰਦੀ ਸੀ ਕਬੀਲਦਾਰੀ ਚੰਗੀ ਆ, ਇਹ ਦੋ ਛੱਤੜੇ ਬੱਸ ?" ਸ਼ਿੰਦੋ ਦਾ ਝਾਹ ਨਿੱਕਲ ਗਿਆ। ਸ਼ਿੰਦੋ ਦੇ ਘਰਵਾਲ਼ੇ ਦਾ ਧਰਤੀ ਪੈਰ ਨਹੀਂ ਸੀ ਲੱਗਦਾ। ਉਸ ਨੇ ਸੋਚਿਆ, ਉਸ ਲਈ ਦੁਨੀਆ ਦਾ ਸਾਰਾ ਸਵਰਗ ਜਿਵੇਂ ਉਹਨੂੰ ਮਿਲ ਗਿਆ ਹੋਵੇ।

ਉਸ ਨੇ ਹੌਲੀ ਦੇਣੇ ਸ਼ਿੰਦੋ ਦਾ ਹੱਥ ਫੜ ਕੇ ਕਿਹਾ, "ਇਹ ਘਰ ਹੁਣ ਅੱਜ ਤੋਂ ਤੇਰਾ ਹੈ ਤੇ ਮੈਂ ਵੀ...."

ਉਹ ਕੁਝ ਹੋਰ ਕਹਿਣ ਹੀ ਲੱਗਾ ਸੀ ਕਿ ਸ਼ਿੰਦੋ ਨੇ ਝਣਕਾ ਕੇ ਆਪਣਾ ਹੱਥ ਪਿੱਛੇ ਵੱਲ ਖਿੱਚ ਲਿਆ।

ਦਿਨ ਬੀਤਦੇ ਗਏ।

ਸਾਲ ਲੰਘਦੇ ਗਏ।

ਸ਼ਿੰਦੋ ਦੇ ਘਰ ਦੋ ਕੁੜੀਆਂ ਤੇ ਇੱਕ ਮੁੰਡੇ ਨੇ ਜਨਮ ਲਿਆ।

ਬੀਰਾਂ ਸਾਰੇ ਭੈਣ-ਭਰਾਵਾਂ ਵਿੱਚੋਂ ਵੱਡੀ ਸੀ। ਉਸ ਤੋਂ ਛੋਟੀ ਨਿੱਕੀ ਅਤੇ ਸਭ ਤੋਂ ਛੋਟਾ ਮੀਤਾ। ਬੱਚੇ ਵੱਡੇ ਹੋਏ ਤਾਂ ਆਪਣੇ ਪਿਤਾ ਦੀ ਹੂ-ਬ-ਹੂ ਤਸਵੀਰ ਸਨ।

ਬੀਰਾਂ ਨੂੰ ਯਾਦ ਆ ਰਿਹਾ ਸੀ ਕਿ ਇੱਕ ਵਾਰ ਨਾਨੀ, ਮਾਂ ਸ਼ਿੰਦੋ ਨੂੰ ਨਾਨਕੇ ਲਿਜਾਣ ਵਾਸਤੇ ਲੈਣ ਆਈ। ਪਾਪਾ ਨੇ ਮਾਂ ਨੂੰ ਕਿਹਾ, "ਆਪਾਂ ਐਤਵਾਰ ਨੂੰ ਚੱਲਾਂਗੇ, ਤੂੰ ਮਾਤਾ ਨੂੰ ਕਹਿ ਦੇ।"

"ਮੈਂ ਤੇਰੀ ਮੁੱਲ ਲਿਆਂਦੀ ਹਾਂ ਜਾਂ ਤੇਰੀ ਗੁਲਾਮ ਆਂ ? ਮੇਰੀ ਮਾਂ ਲੈਣ ਆਈ ਆ, ਮੈਂ ਤਾਂ ਜਾਊਂਗੀ । ਤੂੰ ਸਾਂਭ ਆਵਦੇ ਜਵਾਕਾਂ ਨੂੰ। ਚੱਲ ਮਾਂ ਆਪਾਂ ਨੂੰ ਪੰਜ ਵਜੇ ਵਾਲ਼ਾ ਟੈਂਪੂ ਮਿਲ ਜੂ।"

ਤੇ ਬੀਰਾਂ ਕਿੰਨਾ ਡਰ ਗਈ ਸੀ। ਕਿੰਨਾ ਚਿਰ ਪਥਰਾਈਆਂ ਅੱਖਾਂ ਨਾਲ ਮਾਂ ਨੂੰ ਦੇਖਦੀ ਰਹੀ ਸੀ । ਪਾਪਾ ਤਾਂ ਕੁੱਝ ਬੋਲ ਹੀ ਨਹੀਂ ਰਿਹਾ ਸੀ, ਸਗੋਂ ਸ਼ਿੰਦੋ ਦੀਆਂ ਲੇਲੜੀਆਂ ਕੱਢੀ ਜਾ ਰਿਹਾ ਸੀ।

ਕਾਸ਼ਨੀ ਭਾਅ ਮਾਰਦਾ ਨਿੱਕੀ ਬੂਟੀ ਦਾ ਪਾਇਆ ਸੂਟ ਮਾਂ ਦੇ ਲੋਹੜਿਆਂ ਦਾ ਫ਼ਬ ਰਿਹਾ ਸੀ। ਬੀਰਾਂ, ਮਾਂ ਦੇ ਸੀਨੇ 'ਤੇ ਸਿਰ ਧਰ ਹੱਥ ਫੜ ਕੇ ਚੁੰਮਣ ਲੱਗੀ। ਮਾਂ ਦੀ ਬਾਂਹ 'ਤੇ ਪਿਆ ਸੱਟ ਦਾ ਦਾਗ਼ ਕਾਲ਼ਾ ਧੂੰਏਂ ਵਰਗਾ ਹੋ ਗਿਆ ਸੀ। ਇੱਕ ਵਾਰ ਬੀਰਾਂ ਦੇ ਪੁੱਛਣ 'ਤੇ 'ਮਾਂ ਇਹ ਬਾਂਹ 'ਤੇ ਧੱਬਾ ਜਮਾਂਦਰੂ ਆ ਜਾਂ ਸੱਟ ਦਾ ?'

"ਨੀ ਕਾਹਨੂੰ, ਇੱਕ ਵਾਰ ਤੇਰੀ ਨਾਨੀ ਨੇ, ਝੋਟੀ ਸੀ ਸੂਣ ਵਾਲੀ, ਮੈਨੂੰ ਕਹਿੰਦੀ, ਸ਼ਿੰਦੋ ਤੂੰ ਲੈ ਜਾਹ, ਉਹਨੇ ਸੰਗਲ ਮੇਰੀ ਝੋਲੀ ਪਾ ਦਿੱਤਾ। ਮੈਨੂੰ ਤਾਂ ਝੋਟੀ ਧੂਹ ਕੇ ਲੈ ਗੀ, ਆਹ ਸੰਗਲ ਮੇਰੀ ਬਾਂਹ 'ਤੇ ਫਿਰ ਗਿਆ। ਤੇਰੇ ਪਿਓ ਦੇ ਘਰੇ ਤਾਂ ਭੰਗ ਭੁਜਦੀ ਸੀ। ਤੇਰੇ ਨਾਨਕਿਆਂ ਨੇ ਹੀ ਆਹ ਖੋਲਾ ਛੱਤ ਕੇ ਦਿੱਤਾ ਸੀ।" ਬੀਰਾਂ ਨੂੰ ਪਹਿਲੀ ਵਾਰ ਉਸ ਦਿਨ ਪਾਪਾ ਦੀ ਲਾਚਾਰੀ 'ਤੇ ਤਰਸ ਆਇਆ ਸੀ।

ਬੀਰਾਂ ਦਾ ਪਿਓ ਥੋੜ੍ਹੇ ਦਿਨਾਂ ਵਿੱਚ ਹੀ ਸੁੱਕ ਕੇ ਤੀਲਾ ਬਣ ਗਿਆ ਸੀ। ਸ਼ਹਿਰ 'ਚ ਵੱਡੇ ਡਾਕਟਰਾਂ ਨੂੰ ਦਿਖਾਇਆ। ਕੋਈ ਲਾ-ਇਲਾਜ ਬਿਮਾਰੀ ਸੀ । ਚਹੁੰ ਕੁ ਮਹੀਨਿਆਂ 'ਚ ਹੀ ਬੀਰਾਂ ਦਾ ਪਾਪਾ ਚੱਲ ਵਸਿਆ ਸੀ । ਮਾਂ ਸ਼ਿੰਦੋ ਵੀ ਸ਼ੂਗਰ ਦੀ ਮਰੀਜ਼ ਬਣ ਗਈ ਸੀ । ਸ਼ੂਗਰ ਕਾਰਨ ਉਸਦੀਆਂ ਹੱਡੀਆਂ ਕਮਜ਼ੋਰ ਹੋ ਗਈਆਂ ਸਨ । ਹੁਣ ਉਹ ਚੱਲਣੋਂ-ਫਿਰਨੋਂ ਰਹਿ ਗਈ ਸੀ ਅਤੇ ਕਈ ਵਾਰ ਯਭਲੀਆਂ ਮਾਰਨ ਲੱਗ ਪਈ ਸੀ, ਅਖੇ ਮੇਰੀ ਮਾਸੀ ਬੁੱਧਾਂ ਦੀ ਜੇ ਮੇਰਾ ਪਿਉ ਗੱਲ ਮੰਨ ਲੈਂਦਾ ਤਾਂ ਕਹਾਣੀ ਕੁੱਝ ਹੋਰ ਹੀ ਹੋਣੀ ਸੀ, ਭੂਆ ਜੋੜਾਂ 'ਚ ਬਹਿ ਗੀ।"

"ਮਾਂ ਕਿਹੜੀ ਗੱਲ ?" ਬੀਰਾਂ ਦੇ ਇਹ ਪੁੱਛਣ 'ਤੇ ਸ਼ਿੰਦੋ ਚੁੱਪ ਕਰ ਜਾਂਦੀ। ਮੀਤੇ ਨੇ ਕਈ ਡਾਕਟਰਾਂ ਨੂੰ ਦਿਖਾਇਆ ਸੀ ਪਰ ਸ਼ੂਗਰ ਤੋਂ ਸਿਵਾਏ ਉਹਨੂੰ ਕੋਈ ਸਰੀਰਕ ਬਿਮਾਰੀ ਨਹੀਂ ਸੀ।

ਰਾਤ ਹੀ ਤੇ ਬੀਰਾਂ ਦੀ ਮਾਂ ਨਾਲ ਫ਼ੋਨ 'ਤੇ ਗੱਲ ਹੋਈ ਸੀ ਤੇ ਹੱਸਦੀ-ਹੱਸਦੀ ਬੀਰਾਂ ਨੇ ਕਿਹਾ ਸੀ,

"ਕਿਵੇਂ ਆਂ ਫੇਰ ਮਾਂ...? ਖੇਡਦੀ ਆ ਫੁੱਲਾਂ 'ਤੇ ?"

"ਆਹੋ ਮਖ਼ੌਲ ਸੁਝਦੇ ਆ ਤੈਨੂੰ, ਜੇ ਕਿਤੇ ਉਦੋਂ ਹੀ ਮੈਨੂੰ ਮੇਰੀ ਠੋਹੀ 'ਤੇ ਛੱਡ ਆਉਂਦੇ ਤਾਂ....।"

"ਮਾਂ! ਠੋਹੀ....? ਕਿਹੜੀ ਠੋਹੀ? ਕਦੋਂ ਛੱਡ ਆਉਂਦੇ....?" ਬੀਰਾਂ ਨੇ ਤ੍ਰਭਕ ਕੇ ਦੋ-ਤਿੰਨ ਸਵਾਲ ਇਕੱਠੇ ਹੀ ਕਰ ਦਿੱਤੇ।

"ਚੰਦਭਾਨ, ਮੇਰੇ ਪੇਕਿਆਂ ਦੇ, ਜਿੱਦੇਂ ਤੇਰੇ ਪਿਉ ਦਾ ਭੋਗ ਸੀ। ਭੋਗ ਤੋਂ ਮਗਰੋਂ।"

ਸ਼ਿੰਦੋ ਦੇ ਗੱਲ ਕਰਦਿਆਂ ਹੱਥ ਵਿੱਚੋਂ ਫੋਨ ਡਿੱਗ ਪਿਆ।

"ਮਾਂ ਮਾਂ... ।" ਉਹਨੇ ਦੋ-ਤਿੰਨ ਵਾਰ ਕਿਹਾ। ਸਵੇਰੇ ਲੋਈ ਪਾਟਦੀ ਸਾਰ ਹੀ ਫੋਨ ਦੀ ਘੰਟੀ ਵੱਜੀ। ਮੀਤਾ ਬੋਲ ਰਿਹਾ ਸੀ, "ਬੀਰਾਂ ਮਾਂ ਨਹੀਂ ਰਹੀ।"

ਤੇ ਬੀਰਾਂ ਬੁੱਤ ਬਣੀ ਮਾਂ ਦੀ ਅਰਥੀ ਦੇ ਮਗਰ-ਮਗਰ ਜਾ ਰਹੀ ਸੀ। ਥੋੜੇ ਚਿਰ ਬਾਅਦ ਸਿਵਿਆਂ ਵਿੱਚੋਂ ਉੱਠਿਆ ਧੂੰਆਂ ਪੂਰਾ ਵਗਦਾ ਹੋਣ ਕਰਕੇ ਛਿਪਦੇ ਵੱਲ ਨੂੰ ਜਾ ਰਿਹਾ ਸੀ।

(ਸਿਵੇ ਦਾ ਧੂੰਆਂ)

ਅੰਮ੍ਰਿਤਪਾਲ ਕਲੇਰ

ਰਿਹਾਈ



ਕਈ ਸਾਲ ਲੰਘ ਗਏ ਪਰ ਕਰਮ ਸਿੰਘ ਮੁੜਿਆ ਨਹੀਂ ਸੀ। ਉਸਨੂੰ ਅਮਰੀਕਾ ਲੰਘੇ ਨੂੰ ਦਸ ਸਾਲ ਹੋਣ ਵਾਲੇ ਸਨ। ਪ੍ਰੀਤ ਆਪਣੇ ਪਤੀ ਦਾ ਰਾਹ ਦੇਖਦੀ ਹੋਈ ਹੁੱਣ ਤਾਂ ਥੱਕ ਗਈ ਸੀ। ਬੜਾ ਚਿਰ ਹੋਇਆ ਕੋਈ ਫੋਨ ਵੀ ਨਹੀਂ ਆਇਆ ਸੀ।

ਕਰਮ ਦੀਆਂ ਚਿੱਠੀਆਂ ਚਾਰ ਕੁ ਸਾਲਾਂ ਤੱਕ ਆਂਉਦੀਆਂ ਰਹੀਆਂ ਸਨ। ਪਰ ਹੁੱਣ ਪਿਛਲੇ ਛੇ ਸਾਲਾਂ ਤੋਂ ਕਰਮ ਨੇ ਕਿਸੇ ਚਿੱਠੀ ਦਾ ਜਵਾਬ ਨਹੀਂ ਦਿੱਤਾ ਸੀ।

ਪ੍ਰੀਤ ਨੇ ਕਈ ਵਾਰ ਪੀਸੀਓ ਤੋਂ ਫੋਨ ਲਗਾਉਣ ਦੀ ਵੀ ਕੋਸ਼ਿਸ਼ ਕਰੀ। ਪਰ ਕਰਮ ਦਾ ਦਿੱਤਾ ਨੰਬਰ ਲੱਗਦਾ ਨਹੀਂ ਸੀ। ਛੇ ਸਾਲ ਤੋਂ ਪ੍ਰੀਤ ਰੋਜ ਕੋਸ਼ਿਸ਼ ਕਰਦੀ ਸੀ। ਕਿ ਉਸਦੇ ਪਤੀ ਦਾ ਫੋਨ ਲੱਗ ਜਾਵੇ। ਓਹ ਪੀਸੀਓ ਜਾਂਦੀ ਅਤੇ ਫੋਨ ਲਗਾ ਕੇ ਦੇਖਦੀ। ਪਰ ਫੋਨ ਨਾ ਲੱਗਦਾ।

ਕੁੱਛ ਲੋਕ ਕਹਿੰਦੇ ਸਨ ਕਿ ਕਰਮ ਮਰ-ਮਰਾ ਗਿਆ ਹੋਣਾ! ਕੁੱਛ ਕਹਿੰਦੇ ਸਨ ਕਿ ਉਸਨੇ ਅਮਰੀਕੇ ਕਿਸੇ ਗੋਰੀ ਨਾਲ ਵਿਆਹ ਕਰ ਲਿਆ ਹੋਣਾ! ਓਥੇ ਪੱਕਾ ਹੋਣ ਲਈ! ਪਰ ਅਸਲ ਗੱਲ ਕੋਈ ਨਹੀਂ ਜਾਣਦਾ ਸੀ।

ਪ੍ਰੀਤ ਦੇ ਪੱਲੇ ਤਾਂ ਬੱਸ ਇੰਤਜਾਰ ਸੀ। ਉਸਦੇ ਪਿਤਾ ਤਾਂ ਵਿਆਹ ਤੋਂ ਤਿੰਨ ਦਿਨ ਬਾਅਦ ਈ ਦਿਰ ਦਾ ਦੌਰਾ ਪੈਣ ਨਾਲ ਮਰ ਗਏ ਸਨ। ਆਪਣੀ ਧੀ ਦੀ ਹਾਲਤ ਦੇਖਦੀ ਹੋਈ ਮਾਂ ਪਿਛਲੇ ਸਾਲ ਪਾਰ ਲੰਘ ਗਈ। ਪ੍ਰੀਤ ਹੁੱਣ ਪਿੱਛੇ ਕਰਮ ਦੇ ਮਾਂ-ਬਾਪ ਦੀ ਸੇਵਾ ਕਰਦੀ ਆਪਣਾ ਸਮਾਂ ਲਘਾਂਓਦੀ ਸੀ।

ਘਰੋਂ ਬਾਹਰ ਨਹੀਂ ਨਿਕਲਦੀ ਸੀ। ਬਾਹਰ ਪਰਾਏ ਮਰਦਾਂ ਦੀਆਂ ਅੱਖਾਂ ਉਸਨੂੰ ਨੋਚਦੀਆਂ ਸਨ। ਉਹ ਸਵੇਰੇ ਸਾਝਰੇ ਪਿੰਡ ਦੇ ਗੁਰੂਘਰ ਮੱਥਾ ਟੇਕ ਆਂਓਦੀ ਸੀ। ਇਸ ਤੋਂ ਇਲਾਵਾ ਬੱਸ ਗੁਆਂਢ ਵਿੱਚ ਬਣੇ ਹੋਏ ਪੀਸੀਓ ਜਾਂਦੀ ਸੀ।

"ਮੇਰੇ ਪੁੱਤ ਨੂੰ ਤੂੰ ਖਾ ਗੀ ਕਲਛਣੀਏ!! ਤੂੰ ਆਈ ਤਾਂ ਓਹ ਘਰੋਂ ਪੈਰ ਪੱਟ ਗਿਆ!! ਜਿੱਦਣ ਤੂੰ ਮਰੀ ਓਦਣ ਈ ਓਨੇ ਪਰਤਣਾ!!" ਦਿਲਬਾਗ ਕੌਰ ਨੇ ਕਿਹਾ।

ਦਿਲਬਾਗ ਕੌਰ ਪ੍ਰੀਤ ਦੀ ਸੱਸ ਸੀ। ਓਹ ਹਮੇਸ਼ਾਂ ਉਸਨੂੰ ਕੋਸਦੀ ਰਹਿੰਦੀ ਸੀ। ਅਰਜਣ ਸਿੰਘ ਵੀ ਘੱਟ ਨਹੀਂ ਸੀ। ਸਹੁਰਾ ਹੋਣ ਨਾਤੇ ਬੰਦਾ ਨੂੰਹ ਦਾ ਲਿਹਾਜ ਰੱਖਦਾ ਪਰ ਓਹ ਵੀ ਪ੍ਰੀਤ ਨੂੰ ਹਮੇਸ਼ਾਂ ਖਰੀਆਂ-ਖੋਟੀਆਂ ਸੁਣਾਂਓਦਾ ਰਹਿੰਦਾ ਸੀ।

"ਇਹਨੇ ਕਿੱਥੇ ਜਾਣਾ!! ਇਹ ਇੱਥੇ ਈ ਮਰੂ!! ਸਾਡੇ ਪੱਲੇ ਪੈ ਗੀ ਇਹ ਸਰਾਪਣੀ!!!" ਅਰਜਣ ਸਿੰਘ ਬੋਲਿਆ।

ਪ੍ਰੀਤ ਓਨਾ ਦੋਵਾਂ ਨੂੰ ਰੋਟੀ ਦੇ ਰਹੀ ਸੀ ਜਦੋਂ ਓਹ ਉਸਨੂੰ ਕੋਸਣ ਤੇ ਲੱਗੇ ਹੋਏ ਸਨ। ਸੱਚ ਸੀ ਕਿ ਹੁੱਣ ਤਾਂ ਪ੍ਰੀਤ ਦੇ ਹੰਝੂ ਵੀ ਸੁੱਕ ਗਏ ਸਨ। ਰੋ-ਰੋ ਕੇ ਵੀ ਓਹ ਥੱਕ ਗਈ ਸੀ।

ਉਸ ਰਾਤ ਜਦੋਂ ਉਸਦੇ ਸੱਸ-ਸਹੁਰਾ ਬੋਲਣੋ ਈ ਨਾ ਹਟੇ ਤਾਂ ਓਨਾ ਨੂੰ ਰੋਟੀ ਖਵਾ ਕੇ ਪ੍ਰੀਤ ਭਾਂਡੇ ਧੋਣੇ ਛੱਡ ਕੇ ਆਪਣੇ ਕਮਰੇ ਵੱਲ ਚਲੀ ਗਈ। ਪਹਿਲਾਂ ਓਹ ਭਾਂਡੇ ਧੋਤੇ ਬਿਨਾ ਕਦੇ ਸੌਣ ਨਹੀਂ ਸੀ ਗਈ।

ਪਰ ਅੱਜ ਕਮਰੇ ਅੰਦਰ ਜਾ ਕੇ ਉਸਨੇ ਆਪਣੇ ਗਲ ਵਿੱਚੋਂ ਚੁੰਨੀ ਲਾਹੀ ਅਤ